ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

Vol 19*Issue 38 | Friday, February 28, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

## ਫੈਡਰਲ ਤੇ ਬੀਸੀ ਮੰਤਰੀਆਂ ਨੇ ਹੈਰੇਡਿਟਰੀ ਚੀਫਜ਼ ਨਾਲ ਸ਼ੁਰੂ ਕੀਤੀ ਗੱਲਬਾਤ

ਸਮਿਦਰਜ਼, ਬੀਸੀ, 27 ਫਰਵਰੀ (ਪੋਸਟ ਬਿਊਰੋ) : ਵੈਟਸੁਵੈਟਨ ਦੇ ਹੈਰੇਡਿਟਰੀ ਚੀਫਜ਼ ਨੇ ਵੀਰਵਾਰ ਨੂੰ ਸਰਕਾਰ ਦੇ ਸੀਨੀਅਰ ਮੰਤਰੀਆਂ ਨਾਲ ਬੈਠ ਕੇ ਪਾਈਪਲਾਈਨ ਵਿਵਾਦ ਬਾਰੇ ਗੱਲਬਾਤ ਦੀ ਸ਼ੁਰੂਆਤ ਕੀਤੀ। ਇਸ ਪਾਈਪਲਾਈਨ ਵਿਵਾਦ ਕਾਰਨ ਦੇਸ਼ ਭਰ ਵਿੱਚ ਮੁਜ਼ਾਹਰੇ ਹੋ ਰਹੇ ਹਨ ਤੇ ਕਈ ਥਾਂਵਾਂ ਉੱਤੇ ਮਾਲ ਤੇ ਯਾਤਰੀ ਗੱਡੀਆਂ ਦੀ ਸੇਵਾ ਬੰਦ ਕਰ ਦਿੱਤੀ ਗਈ ਹੈ।



ਫੈਡਰਲ ਕ੍ਰਾਊਨ ਇੰਡੀਜੀਨਸ ਰਿਲੇਸ਼ਨਜ਼ ਮੰਤਰੀ ਕੈਰੋਲਿਨ ਬੈਨੇਟ ਤੇ ਬ੍ਰਿਟਿਸ਼ ਕੋਲੰਬੀਆ ਦੇ ਇੰਡੀਜੀਨਸ ਰਿਲੇਸ਼ਨਜ਼ ਮੰਤਰੀ ਸਕੌਟ ਫਰੇਜ਼ਰ ਹੈਰੇਡਿਟਰੀ ਚੀਫਜ਼ ਨਾਲ ਮੁਲਾਕਾਤ ਕਰਨ ਲਈ ਵੱਖਰੇ ਤੌਰ ਉੱਤੇ ਪਹੁੰਚੇ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਆਰਸੀਐਮਪੀ ਤੇ ਕੋਸਟਲ ਗੈਸਲਿੰਕ ਨੇ ਆਖਿਆ ਕਿ ਉਹ ਗੱਲਬਾਤ ਲਈ ਚੀਫਜ਼ ਵੱਲੋਂ ਕੀਤੀ ਗਈ ਗੁਜ਼ਾਰਿਸ਼ ਵਾਸਤੇ ਸਹਿਮਤ ਹਨ। ਜ਼ਿਕਰਯੋਗ ਹੈ ਕਿ ਨੈਚੁਰਲ ਗੈਸ ਕੰਪਨੀ ਉੱਤਰਪੱਛਮੀ ਬੀਸੀ ਵਿੱਚ ਚੱਲ ਰਹੀਆਂ ਆਪਣੀਆਂ ਗਤੀਵਿਧੀਆਂ ਦੋ ਦਿਨ ਲਈ ਬੰਦ ਕਰਨ ਉੱਤੇ ਰਾਜ਼ੀ ਹੋਈ ਹੈ ਜਦਕਿ ਆਰਸੀਐਮਪੀ ਵੱਲੋਂ ਸੰਵੇਦਨਸ਼ੀਲ ਹਿੱਸਿਆਂ ਵਿੱਚ ਕੀਤੀ ਜਾ ਰਹੀ ਗਸ਼ਤ ਬੰਦ ਕੀਤੀ ਗਈ ਹੈ।


ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਦੋਵਾਂ ਧਿਰਾਂ ਵੱਲੋਂ ਦਿੱਤੇ ਜਾ ਰਹੇ ਅਜਿਹੇ ਸਹਿਯੋਗ ਦੀ ਚੀਫਜ਼ ਵੱਲੋਂ ਸ਼ਲਾਘਾ ਕੀਤੀ ਗਈ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਬਰੈਂਪਟਨ ਕੈਨੇਡੀਅਨ ਟਾਇਰ ਦੀ ਇਮਾਰਤ ਨੂੰ ਲੱਗੀ ਅੱਗ — ਪੰਨਾ 03
ਸਿੱਧੂ ਦੀਆਂ ਕਾਂਗਰਸ ਹਾਈ ਕਮਾਨ ਨਾਲ ਲਗਾਤਾਰ ਦੋ ਅਚਾਨਕ ਮੀਟਿੰਗਾਂ — ਪੰਨਾ 04





## ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਮਲਾ, ਜ਼ਿਲ੍ਹਾ ਨਾਰੋਵਾਲ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabi-post.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਮਲਾ, ਜਿਲਾ ਨਾਰੋਵਾਲ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI
416.994.7272
www.allkindinsurance.com

## ਬਰੈਂਪਟਨ ਸਿਟੀ ਕਾਉਂਸਲ ਵੱਲੋਂ ਸਾਲ 2020 ਦਾ ਬਜਟ ਸਰਬਸੰਮਤੀ ਨਾਲ ਪਾਸ

ਬਰੈਂਪਟਨ, 27 ਫਰਵਰੀ (ਪੋਸਟ ਬਿਊਰੋ) : ਬੀਤੇ ਦਿਨੀ ਸਪੈਸ਼ਲ ਕਾਉਂਸਲ ਦੀ ਮੀਟਿੰਗ ਵਿੱਚ ਸਿਟੀ ਆਫ ਬਰੈਂਪਟਨ ਵੱਲੋਂ ਸਾਲ 2020 ਦਾ ਬਜਟ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਅਜਿਹਾ ਲਗਾਤਾਰ ਦੂਜੇ ਸਾਲ ਹੋਇਆ ਹੈ ਕਿ ਸਿਟੀ ਦੇ ਬਜਟ ਨੂੰ ਫੰਡ ਕਰਨ ਲਈ ਪ੍ਰਾਪਰਟੀ ਟੈਕਸ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਇਸ ਬਜਟ ਨੇ ਯਕੀਨੀ ਬਣਾਇਆ ਕਿ ਸਿਟੀ ਦੇ ਪ੍ਰੋਗਰਾਮ ਤੇ ਸੇਵਾਵਾਂ ਦੇ ਪੱਧਰ ਨੂੰ ਮੇਨਟੇਨ ਕੀਤਾ ਜਾਵੇਗਾ ਜਾਂ ਇਨ੍ਹਾਂ ਵਿੱਚ ਵਾਧਾ ਕੀਤਾ ਜਾਵੇਗਾ। ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਬਰਕਰਾਰ ਰੱਖਣ ਲਈ ਪਹਿਲਾਂ ਲਗਾਏ



ਗਏ ਟੈਕਸ ਜਾਰੀ ਰੱਖੇ ਜਾਣਗੇ। ਇਸ ਦੇ ਨਾਲ ਹੀ ਆਰਥਿਕ ਵਿਕਾਸ ਤੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਨਿਵੇਸ਼ ਜਾਰੀ ਰੱਖਣ ਦਾ ਫੈਸਲਾ ਵੀ ਕੀਤਾ ਗਿਆ ਹੈ।

- 2020 ਦੇ ਮਨਜ਼ੂਰ ਕੀਤੇ ਗਏ ਬਜਟ ਤਹਿਤ ਸਿਟੀ ਦੇ ਟੈਕਸ ਬਿੱਲ ਦੇ ਹਿੱਸੇ ਵਿੱਚ 0 ਫੀ ਸਦੀ ਪ੍ਰਾਪਰਟੀ ਟੈਕਸ ਫਰੀਜ਼ ਹੋਵੇਗਾ।
- 2020 ਟੈਕਸ ਬਿੱਲ ਵਿੱਚ ਕੀ ਹੋਵੇਗਾ? ਸਿਟੀ 0.0 ਫੀ ਸਦੀ, ਰੀਜਨ 1.3 ਫੀ ਸਦੀ, ਸਕੂਲ ਬੋਰਡ 1.3 ਫੀ ਸਦੀ (ਔਸਤਨ 64 ਫੀ ਸਦੀ ਪ੍ਰਤੀ ਘਰ)।
- ਸਿਟੀ ਦੇ ਨੈਟ ਆਪਰੇਟਿੰਗ ਖਰਚੇ ਵਿੱਚ 47 ਮਿਲੀਅਨ ਡਾਲਰ ਦਾ ਵਾਧਾ ਹੋ ਰਿਹਾ ਹੈ। ਇਸ ਨੂੰ ਅਸੈਸਮੈਂਟ ਗ੍ਰੋਥ, ਰੈਵਨਿਊ ਗ੍ਰੋਥ ਤੇ ਸਟੌਰਮਵਾਟਰ ਚਾਰਜ ਰਾਹੀਂ ਫੰਡ ਕੀਤਾ ਜਾਵੇਗਾ।
- 2020 ਦਾ ਬਜਟ 977 ਮਿਲੀਅਨ ਡਾਲਰ ਦਾ ਬਜਟ ਹੈ, ਜਿਸ ਵਿੱਚ 755 ਮਿਲੀਅਨ ਡਾਲਰ ਦਾ ਆਪਰੇਟਿੰਗ ਬਜਟ ਹੈ

...ਬਾਕੀ ਪੰਨਾ 6 'ਤੇ

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

RESIDENTIAL MORTGAGE
ਹਰ ਤਰ੍ਹਾਂ ਦੀਆਂ ਮੋਰਟਗੇਜ ਦੀਆਂ ਸੇਵਾਵਾਂ ਜਿਵੇਂ :
Purchase
Refinance
Self Employed
Special Rate & Package for Mortgage
Call today !!
647.964.0060
gurvinder.mangat@nbc.ca
NATIONAL BANK | 10520 Torbram Rd, Brampton, ON L6R 3N9
GURVINDER MANGAT Mortgage Development Manager

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available | 1888 864 3131
Jasbir Singh Hundal Qualified Credit Counsellor
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca | 416-502-3100 | Unit #20 - 7015 Tranmere Drive Mississauga, ON L5S 1T7

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B | 416-213-8600

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic.12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

A1 RENOVATIONS
Commercial & Residential Renovations
**Professional ,Reliable & Experienced**
Services: Painting, Drywalls, Plumbing, Electrical, Flooring
Complete Basement Renovation
Kitchen & Washrooms
Concrete Services (Driveways & Sidewalks)
Note: Complete basement (passed by city) Certified GasTechnician
5-10 % DISCOUNT
Call Bobby Mann today !! 647-407-9595
a1floor_2000@hotmail.com
*Some condition apply

You can Place Your Business Here To Reach Wider Audience
(905)793-2202

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
100% Customer Satisfaction
AFFORDABLE & RELIABLE
KSG Pest Control Inc.
647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ
ਹਵਾਈ ਟਿਕਟਾਂ ਅਤੇ ਭਰੋਸੇਮੰਦ
ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

# ਬਰੈਂਪਟਨ ਕੈਨੇਡੀਅਨ ਟਾਇਰ ਦੀ ਇਮਾਰਤ ਨੂੰ ਲੱਗੀ ਅੱਗ

ਟੋਰਾਂਟੋ, 27 ਫਰਵਰੀ (ਪੋਸਟ ਬਿਊਰੋ) : ਅੱਜ ਸਵੇਰੇ ਬਰੈਂਪਟਨ ਵਿੱਚ ਕੈਨੇਡੀਅਨ ਟਾਇਰ ਦੇ ਗਾਰਡਨ ਸੈਂਟਰ ਵਿੱਚ ਅੱਗ ਲੱਗ ਗਈ। ਪਰ ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।



ਸਵੇਰੇ ਤੜਕੇ 4:30 ਵਜੇ ਮੈਕਲਾਫਲਿਨ ਰੋਲ ਤੇ ਬੋਵੇਅਰਡ ਡਰਾਈਵ ਨੇੜੇ ਸਥਿਤ ਸਟੋਰ ਤੋਂ ਭਾਰੀ ਧੂੰਆਂ ਤੇ ਅੱਗ ਦੀਆਂ ਲਪਟਾਂ ਆਉਂਦੀਆਂ ਨਜ਼ਰ ਆਈਆਂ। ਜਦੋਂ ਬਰੈਂਪਟਨ ਫਾਇਰ ਤੇ ਐਮਰਜੰਸੀ ਸਰਵਿਸਿਜ਼ ਪਹੁੰਚੀਆਂ ਤਾਂ ਅਮਲਾ ਮੈਂਬਰਾਂ ਵੱਲੋਂ ਅੰਦਰ ਤੇ ਬਾਹਰ ਤੇਜ਼ੀ ਨਾਲ ਬਚਾਅ ਕਾਰਜ ਸ਼ੁਰੂ ਕੀਤੇ ਗਏ। ਪਲਾਟੂਨ ਚੀਫ ਰੌਨ ਰੌਲਫੇ ਨੇ ਦੱਸਿਆ ਕਿ ਅੱਗ ਇਮਾਰਤ ਦੇ ਕਈ ਹਿੱਸਿਆਂ ਵਿੱਚ ਨਹੀਂ ਸੀ ਪਹੁੰਚੀ ਤੇ ਉਸ ਨੂੰ ਅੱਗੇ ਵਧਣ ਤੋਂ ਰੋਕ ਲਿਆ ਗਿਆ। ਉਨ੍ਹਾਂ ਦੱਸਿਆ ਕਿ ਅੱਗ ਉੱਤੇ ਕਾਬੂ ਪਾਉਣ ਤੋਂ ਬਾਅਦ ਥੋੜ੍ਹਾ ਧੂੰਆ ਤੇ ਪਾਣੀ ਨਾਲ ਸਬੰਧਤ ਨੁਕਸਾਨ ਹੋਇਆ।

ਅਧਿਕਾਰੀਆਂ ਵੱਲੋਂ ਇਸ ਦੌਰਾਨ ਹੋਏ ਨੁਕਸਾਨ ਦੇ ਅੰਦਾਜ਼ੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪਰ ਜਾਂਚਕਾਰ ਮੌਕੇ ਉੱਤੇ ਹਨ ਤੇ ਉਨ੍ਹਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO

Separate Entrance Basement
DOON SOUTH - KITCHENER
"4 BEDROOM HOME"
SEPARATE ENTRANCE TO BASEMENT
ਡੂਨ ਸਾਊਥ ਕਿਚਨਰ ਦੇ ਮਸ਼ਹੂਰ ਏਰੀਏ ਵਿੱਚ ਬਣਿਆ ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਘਰ। ਕਸਟਮ ਡਿਜਾਈਨ ਕੀਤੀ ਗਈ ਕਿਚਨ ਅਤੇ ਅਪਗ੍ਰੇਡੇਡ ਸਟੇਨਲੈਸ ਸਟੀਲ ਅਪਲਾਈਨਸੈਸ, ਪੈਂਟਰੀ ਅਤੇ ਬਹੁਤ ਵੱਡੀ ਇਟੀਂਗ ਆਈਲੈਂਡ। ਡਾਇਨਿੰਗ ਰੂਮ ਵਿੱਚ ਵੱਡਾ ਪਰਿਵਾਰ ਬੈਠ ਕੇ ਆਰਾਮ ਨਾਲ ਖਾਣਾ ਖਾ ਸਕਦੇ ਹਨ। ਮੈਨ ਫਲੋਰ ਵਿੱਚ 9 ਫੁੱਟ ਦੀ ਸਿਲਿੰਗ ਹੈ ਅਤੇ ਵੱਡੀਆਂ ਵਿੰਡੋਜ਼ ਹਨ। ਬਹੁਤ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਚ ਵਾਕ ਇਨ ਕਲਾਜਟ ਅਤੇ ਇਨਸੂਟ ਵਾਸ਼ਰੂਮ ਹੈ। ਫਿਨੀਸ਼ਡ ਬੇਸਮੈਂਟ ਲਈ ਸੇਪਰੈਟ ਏਨਟਰੈਂਸ ਹੈ। ਡਬਲ ਅਟੈਵਡ ਗਰਾਜ ਹੈ ਅਤੇ ਫੈਂਸ ਯਾਰਡ ਹੈ।
ASKING $839,000. MLS # 30784447
Call Joseph today 519-575-2777

IN - LAW SUITE
"LUXURIOUS - LARGE CUSTOM 2 STORY IN - LAW SUIT FINISHED WALK OUT BASEMENT"
ਬਹੁਤ ਹੀ ਸੋਹਣਾ 4500 ਸੁਕੇਅਰ ਫੁੱਟ ਵਿੱਚ ਬਣਿਆ 4+1 ਬੈਡਰੂਮ, ਇਨ ਲਾਅ ਸੂਟ ਬੇਸਮੈਂਟ। ਲਕਜ਼ਰੀ ਫਿਨੀਸ਼ਿੰਗ। ਘਰ ਵਿੱਚ ਦਾਖਲ ਹੁੰਦਿਆਂ ਹੀ ਡਬਲ ਫੋਯਰ ਤੁਹਾਨੂੰ ਹੈਰਾਨ ਕਰ ਦੇਣਗੇ। ਕਸਟਮ ਬਿਲਟ ਕਿਚਨ ਅਤੇ ਅਪਗ੍ਰੇਡੇਡ ਅਪਲਾਈਨਸੈਸ ਅਤੇ ਵੱਡੀ ਆਈਲੈਂਡ ਅਤੇ ਗਰੇਨਾਈਟ ਕਾਊਨਟਰ। ਮਾਸਟਰ ਬੈਡਰੂਮ 4 ਪੀਸ ਈਨਸੂਟ ਅਤੇ ਬਹੁਤ ਵੱਡੀਆਂ ਵਾਕ ਇਨ ਕਲਾਜਟ। ਵਾਕ ਆਊਟ ਬੇਸਮੈਂਟ ਜਿਸ ਦੀ ਸੇਪਰੈਟ ਏਨਟਰੈਂਸ ਹੈ। ਰਿਕ੍ਰੇਸ਼ਨ ਰੂਮ ਵਿੱਚ ਕਸਟਮ ਕੈਬਨੇਟ ਅਤੇ ਬੋਸ ਸਾਊਂਡ ਦੇ ਨਾਲ ਗੇਸ ਫਾਇਰ ਪਲੇਸ। ਬੇਸਮੈਂਟ ਦੇ ਨਾਲ ਪੂਲ ਅਤੇ ਹੋਟ ਟੱਬ ਵੀ ਹੈ। ਬਹੁਤ ਵੱਡੀ ਡਬਲ ਗਰਾਜ ਅਤੇ ਸਟੈਂਪਡ ਕੰਕ੍ਰੀਟ ਡਰਾਈਵੇਅ। ASKING $985,000.
MLS # 30790796
Call Joseph today 519-575-2777

IN - LAW SUITE 2018
Gated Executive Community
Large Custom Built Bungalow
"EXECUTIVE LARGE FAMILY HOME IN-LAW SUITE"
MLS# 30781327
ਬਹੁਤ ਹੀ ਸੋਹਣਾ 6000 ਫੁੱਲੀ ਫਰਨੀਸ਼ਡ ਸੁਕੇਅਰ ਫੁੱਟ ਬੰਗਲਓ ਜਿਸ ਦੀ ਫੁੱਲੀ ਫਰਨੀਸ਼ਡ ਬੇਸਮੈਂਟ ਹੈ। ਵੱਡੇ ਪਰਿਵਾਰ ਲਈ ਬਹੁਤ ਹੀ ਵਧੀਆ ਘਰ। ਮੈਨ ਫਲੋਰ ਵਿੱਚ 3 ਵੱਡੇ ਬੈਡਰੂਮ ਹਨ। ਬਹੁਤ ਹੀ ਖੁੱਲੇ ਫੈਮਲੀ ਰੂਮ ਵਿੱਚ ਕਫਰਡ ਸਿਲਿੰਗ +ਗੇਸ ਫਾਇਰ ਪਲੇਸ। ਕਸਟਮ ਡਿਜਾਇਨ ਕੀਤੀ ਗਈ ਕਿਚਨ ਜਿਸ ਵਿੱਚ ਡਬਲ ਆਈਲੈਂਡ ਅਤੇ ਇਟੀਗ ਬਾਰ ਅਤੇ ਕਮਰਸ਼ੀਅਲ ਗਰੇਡ ਅਪਲਾਈਨਸੈਸ ਹਨ। ਡਾਇਨਿੰਗ ਕਮਰੇ ਵਿੱਚ ਲਗਭਗ 14 ਬੰਦੇ ਬੈਠ ਕੇ ਖਾਣਾ ਖਾ ਸਕਦੇ ਹਨ। ਫਿਨੀਸ਼ਡ ਟ੍ਰਿਪਲ ਗਰਾਜ। ਫੁੱਲੀ ਲੈਂਡਸਕੇਪਡ ਵੱਧੀਆ ਕਮਿਊਨਿਟੀ ਵਿੱਚ।
ASKING $1,550,000
Call Joseph today 519-575-2777

"BUILDERS / DEVELOPERS" "23 LOT APPROVED SUBDIVISION" "66 foot lots"
Incredible opportunity that will not last! This 23 lot approved sub division means you do not have to wait to build. All engineering is complete.
Ready to go !
Asking $ 1,990,000
Call Joseph today 519-575-2777

End Unit Townhome
4 BEDROOM + 2 BATHROOM END UNIT TOWN HOME WITH FINISHED BASEMENT
ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4 ਬੈਡਰੂਮ ਅਤੇ 2 ਵਾਸ਼ਰੂਮ ਦਾ ਐਂਡ ਯੂਨੀਟ ਟਾਊਨ ਹੋਮ ਅਤੇ ਫਿਨੀਸ਼ਡ ਬੇਸਮੈਂਟ। ਸਟੋਰੇਜ ਲਈ ਖੁੱਲੀ ਥਾਂ, ਫੈਂਸ ਬੈਕਯਾਰਡ ਅਤੇ 2 ਅੰਡਰ ਗਰਾਊਂਡ ਪਾਰਕਿੰਗ ਸਪਾਟ। ਕਿਚਨ ਵਿੱਚ ਗਰੇਨਾਈਟ ਕਾਊਨਟਰ ਟਾਪ ਅਤੇ ਓਪਨ ਕੰਸੇਪਟ। ਕਾਂਡੋ ਫਸਿ ਵਿੱਚ ਪਾਣੀ, ਕੇਬਲ ਅਤੇ ਸਾਰੀਆ ਅੰਦਰੀ ਬਿਲਡਿੰਗ ਦੀ ਸਾਂਭ ਸੰਭਾਲ ਦਾ ਖਰਚਾ ਸ਼ਾਮਲ ਹੈ। ਤੁਸੀ ਕਦੀ ਵੀ ਆ ਕੇ ਦੇਖ ਸਕਦੇ ਹੋ।
ASKING $549,0000
Call Joseph today 519-575-2777
MLS #30790510

BRAND NEW HOME
3 BEDROOM + 3 WASHROOM BRAND NEW 2 STORY HOME
ਬਰੈਂਡ ਨੀਊ 2 ਸਟੋਰੀ ਘਰ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ ਅਤੇ ਬਹੁਤ ਸਾਰੀਆਂ ਅਪਗ੍ਰੇਡਜ਼ ਕੀਤੀਆਂ ਹਨ। ਰੋਸ਼ਨਦਾਰ ਅਤੇ ਖੁੱਲਾ ਫਲੋਰ ਪਲਾਨ। ਬਹੁਤ ਹੀ ਵੱਡੀ ਕਿਚਨ ਹੈ ਜਿਸ ਵਿੱਚ ਅਪਗ੍ਰੇਡਡ ਕੈਬਨੇਟ ਅਤੇ ਬਹੁਤ ਵੱਡਾ ਆਈਲੈਂਡ ਅਤੇ ਸੈਂਟਰ ਸਿੰਕ ਹੈ। ਮੈਨ ਫਲੋਰ ਵਿੱਚ ਟਾਈਲਾਂ ਅਤੇ ਅਪਗ੍ਰੇਡੇਡ ਲੈਮੀਨੇਟ ਫਲੋਰਿਂਗ ਹੈ। ਬਹੁਤ ਹੀ ਸੋਹਣੀ ਹਾਰਡਵੂਡ ਦੀ ਪੌੜੀਆਂ ਅਤੇ ਰੇਲਿੰਗ ਦੂਜੇ ਫਲੋਰ ਨੂੰ ਜਾਂਦੀ ਹੈ। ਦੂਜੇ ਫਲੋਰ ਵਿੱਚ 2 ਵੱਡੇ ਬੈਡਰੂਮ, ਲਾਂਡਰੀ ਰੂਮ ਅਤੇ ਵੱਡਾ ਮਾਸਟਰ ਬੈਡਰੂਮ ਹੈ ਜਿਸ ਵਿੱਡ ਵਾਕ ਇਨ ਕਲਾਜਟ ਅਤਟ ਇਨਸੂਟ ਵਾਸ਼ਰੂਮ ਹੈ।
MLS #30790214
ASKING $609,000
Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018
**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਕੋਰੋਨਾ ਵਾਇਰਸ ਤੋਂ ਭੈੜੀ ਹੈ ਰਾਜਨੀਤੀ,
ਚੋਖੀ ਮਾਰ ਕਰਦੀ ਜਿਸ ਦੀ ਲਾਗ ਮੀਆਂ।
ਬਚ ਕੇ ਰਹਿਣਾ ਹੈ ਜਿਨ੍ਹਾਂ ਇਸ ਲਾਗ ਕੋਲੋਂ,
ਖਾਣਾ ਸਿੱਖਣ ਉਹ ਦਿੱਲੀ ਦਾ ਸਾਗ ਮੀਆਂ।
ਵੱਖਰਾ ਗੀਤ ਨਾ ਗਾਉਣ ਦਾ ਕਰਨ ਜੇਰਾ,
ਗਾਇਆ ਕਰਨ ਚਲੰਤ ਉਹ ਰਾਗ ਮੀਆਂ।
ਨਹੀਂ ਤਾਂ ਸ਼ਾਮ ਨੂੰ ਆਊ ਜੀ ਹੁਕਮ ਸਿੱਧਾ,
ਬਿਸਤਰਾ ਬੰਨ੍ਹ ਤੇ ਦਿੱਲੀ ਤੋਂ ਭਾਗ ਮੀਆਂ।
ਰਸਤਿਆਂ ਵਿੱਚ ਨਹੀਂ ਤੱਕਣੀ ਠਾਹਰ ਕੋਈ,
ਜਿੱਧਰ ਆਖਿਆ, ਖਿਸਕ ਤੂੰ ਜਾਈਂ ਮੀਆਂ।
ਰਾਗ 'ਦਿੱਲੀ' ਦਾ ਜਦੋਂ ਤੱਕ ਸਿੱਖਦਾ ਨਹੀਂ,
ਮੁੜ ਕੇ ਏਧਰ ਨੂੰ ਪਰਤ ਨਾ ਆਈਂ ਮੀਆਂ।

**ਤੀਸ ਮਾਰ ਖਾਂ**

# ਨਵਜੋਤ ਸਿੰਘ ਸਿੱਧੂ ਦੀਆਂ ਕਾਂਗਰਸ ਹਾਈ ਕਮਾਨ ਨਾਲ ਲਗਾਤਾਰ ਦੋ ਅਚਾਨਕ ਮੀਟਿੰਗਾਂ

*** ਕਾਂਗਰਸ ਪਾਰਟੀ ਦੇ ਅੰਦਰ ਹਲਚਲ ਸ਼ੁਰੂ**

ਚੰਡੀਗੜ੍ਹ, 27 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਤੇ ਮੌਜੂਦਾ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਵੱਲੋਂ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਕਾਂਗਰਸ ਹਾਈ ਕਮਾਨ ਨਾਲ ਦੋ ਮੀਟਿੰਗ ਕਰਨ ਦੀ ਖਬਰ ਨੇ ਕਾਂਗਰਸ ਪਾਰਟੀ ਵਿੱਚ ਹਲਚਲ ਜਿਹੀ ਪੈਦਾ ਕਰ ਦਿੱਤੀ ਹੈ। ਖੁਦ ਨਵਜੋਤ ਸਿੰਘ ਸਿੱਧੂ ਨੇ ਅੱਜ ਇੱਕ ਪ੍ਰੈੱਸ ਬਿਆਨ ਰਾਹੀਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨਾਲ ਆਪਣੀ ਫੋਟੋ ਜਾਰੀ ਕੀਤੀ ਹੈ।

ਇਸ ਸੰਬੰਧ ਵਿੱਚ ਨਵਜੋਤ ਸਿੰਘ ਸਿੱਧੂ ਵੱਲੋਂ ਜਾਰੀ ਕੀਤੇ ਗਏ ਇਕ ਸੰਖੇਪ ਪ੍ਰੈੱਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਮੈਨੂੰ ਕਾਂਗਰਸ ਹਾਈ ਕਮਾਂਡ ਨੇ ਦਿੱਲੀ ਸੱਦਿਆ ਸੀ। ਇਸ ਲਈ ਮੈਂ 25 ਫਰਵਰੀ,2020 ਨੂੰ ਕਾਂਗਰਸ ਦੇ ਜਨਰਲ ਸਕੱਤਰ ਸ੍ਰੀਮਤੀ ਪ੍ਰਿਅੰਕਾ ਗਾਂਧੀ ਨਾਲ ਉਨ੍ਹਾਂ ਦੀ ਰਿਹਾਇਸ਼ ਵਿਖੇ 40 ਮਿੰਟ ਮੁਲਾਕਾਤ ਕੀਤੀ। ਇਸੇ ਲੜੀ ਵਿੱਚ ਅਗਲੇ ਦਿਨ 26 ਫਰਵਰੀ 2020 ਨੂੰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਜਨਰਲ ਸਕੱਤਰ ਦੋਵਾਂ ਨਾਲ ਦਸ ਜਨਪਥ ਵਿਖੇ ਇਕ ਘੰਟੇ ਤੋਂ ਵੱਧ ਸਮਾਂ ਮੁਲਾਕਾਤ ਕੀਤੀ। ਇਨ੍ਹਾਂ ਮੁਲਾਕ-ਾਤਾਂ ਦੌਰਾਨ ਮੈਂ ਹਾਈ ਕਮਾਂਡ ਨੂੰ ਪੰਜਾਬ ਦੀ ਮੌਜੂਦਾ ਹਾਲਾਤ ਤੋਂ ਜਾਣੂ ਕਰਾਉਣ ਦੇ ਨਾਲ ਪੰਜਾਬ ਨੂੰ ਵਿਕਾਸ ਦੀਆਂ ਲੀਹਾਂ ਉੱਥੇ ਲਿਆਉਣ ਅਤੇ ਇਸ ਨੂੰ ਆਤਮ ਨਿਰਭਰ ਬਨਾਉਣ ਦੇ ਆਪਣੇ ਰੋਡ-ਮੈਪ ਤੋਂ ਵੀ ਜਾਣੂ ਕਰਾਇਆ। ਦੋਵੇਂ ਮੀਟਿੰਗਾਂ ਵਿਚ ਹਾਈ ਕਮਾਂਡ ਨੇ ਮੇਰੇ ਵਿਚਾਰਾਂ ਨੂੰ ਬੜੇ ਠਰੰਮੇ ਅਤੇ ਗੌਰ ਨਾਲ ਸੁਣਿਆ। ਪੰਜਾਬ ਨੂੰ ਇਸ ਦੀ ਗੁਆਚੀ ਖੁਸ਼ਹਾਲੀ ਦਿਵਾਉਣ ਤੇ ਇਸ ਨੂੰ ਪੈਰਾਂ ਸਿਰ ਖੜ੍ਹੇ ਕਰਨ ਦੇ ਆਪਣੇ ਰੋਡ-ਮੈਪ ਨੂੰ ਮੈਂ ਪਿਛਲੇ ਕਈ ਸਾਲਾਂ ਤੋਂ ਮੰਤਰੀ-ਮੰਡਲ ਅਤੇ ਆਮ ਲੋਕਾਂ ਵਿਚਕਾਰ ਰੱਖਦਾ ਰਿਹਾ ਹਾਂ।



ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਨਵਜੋਤ ਸਿੰਘ ਸਿੱਧੂ ਦੀਆਂ ਇਨ੍ਹਾਂ ਉੱਚ ਪੱਧਰੀ ਬੈਠਕਾਂ ਦੇ ਦੌਰਾਨ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਮੌਕੇ ਸਿੱਧੂ ਦੀ ਕਾਂਗਰਸ ਵਿੱਚ ਭੂਮਿਕਾ ਬਾਰੇ ਵੀ ਵਿਚਾਰ ਹੋਈ ਹੈ। ਸਿੱਧੂ ਨੂੰ ਇੱਕ ਵਾਰ ਫਿਰ ਪੰਜਾਬ ਕੈਬਨਿਟ ਵਿੱਚ ਲੈਣ ਤੇ ਡਿਪਟੀ ਮੁੱਖ ਮੰਤਰੀ ਤੱਕ ਬਣਾਉਣ ਦੇ ਚਰਚੇ ਵੀ ਜ਼ੋਰਾਂ ਉੱਤੇ ਹਨ, ਪਰ ਇਹ ਵੀ ਕਿਹਾ ਜਾਂਦਾ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਇਨ੍ਹਾਂ ਸਾਰੀਆਂ ਪੇਸ਼ਕਸ਼ਾਂ ਨੂੰ ਠੁਕਰਾ ਦਿੱਤਾ ਹੈ ਤੇ ਉਹ ਇਸ ਵੇਲੇ ਤੋਂ ਹੀ ਅਗਲੀਆਂ ਵਿਧਾਨ ਸਭਾ ਚੋਣਾਂ ਬਾਰੇ ਆਪਣੀ ਭੂਮਿਕਾ ਅਤੇ ਸਥਿਤੀ ਸਪੱਸ਼ਟ ਕਰਨਾ ਚਾਹੁੰਦੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸਿੱਧੂ ਜਲਦੀ ਹੀ ਸਿਆਸੀ ਗੁਪਤਵਾਸ ਛੱਡ ਕੇ ਰਾਜਨੀਤੀ ਵਿੱਚ ਸਰਗਰਮ ਹੋ ਸਕਦੇ ਹਨ।

ਵਰਨਣ ਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਦੀਆਂ ਕਾਂਗਰਸ ਹਾਈ ਕਮਾਨ ਨਾਲ ਇਹ ਦੋਵੇਂ ਬੈਠਕਾਂ ਓਦੋਂ ਹੋਈਆਂ ਹਨ, ਜਦੋਂ ਆਮ ਆਦਮੀ ਪਾਰਟੀ, ਟਕਸਾਲੀ ਅਕਾਲੀ ਦਲ ਅਤੇ ਹੋਰ ਫਰੰਟ ਉਸ ਨੂੰ ਪੰਜਾਬ ਵਿੱਚ ਅਗਲੀਆਂ ਚੋਣਾਂ ਵੇਲੇ ਮੁੱਖ ਮੰਤਰੀ ਦੇ ਚਿਹਰੇ ਵਜੋਂ ਉਭਾਰਨ ਦੀ ਪੇਸ਼ਕਸ਼ ਕਰ ਰਹੇ ਹਨ। ਪਿਛਲੀਆਂ ਪਾਰਲੀਮੈਂਟ ਚੋਣਾਂ ਦੌਰਾਨ ਬਠਿੰਡਾ ਹਲਕੇ ਵਿੱਚ ਜਦੋਂ ਕਾਂਗਰਸ ਪਾਰਟੀ ਹਾਰ ਗਈ ਤਾਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਵਾਸਤੇ ਨਵਜੋਤ ਸਿੰਘ ਸਿੱਧੂ ਦੀ ਬੇਤੁਕੀ ਬਿਆਨਬਾਜ਼ੀ ਨੂੰ ਦੋਸ਼ ਦਿੱਤਾ ਤੇ ਇਹ ਵੀ ਕਿਹਾ ਸੀ ਕਿ ਲੋਕਲ ਬਾਡੀਜ਼ ਵਿਭਾਗ ਵਿੱਚ ਸਿੱਧੂ ਦੀ ਕਾਰਗੁਜ਼ਾਰੀ ਸਹੀ ਨਹੀਂ ਰਹੀ। ਇਸ ਪਿੱਛੋਂ ਅਚਾਨਕ ਸਿੱਧੂ ਤੋਂ ਇਹ ਵਿਭਾਗ ਲੈ ਕੇ ਬਿਜਲੀ ਮੰਤਰੀ ਬਣਨ ਦੀ ਪੇਸ਼ਕਸ਼ ਕੀਤੀ ਗਈ ਸੀ, ਪਰ ਸਿੱਧੂ ਓਦੋਂ ਤੋਂ ਸਿਆਸੀ ਗੁਪਤਵਾਸ ਵਿੱਚ ਚਲੇ ਗਏ ਸਨ।

## ਦਿੱਲੀ ਹਿੰਸਾ: ਆਈ ਬੀ ਜਵਾਨ ਦੇ ਕਤਲ ਕੇਸ ਵਿੱਚ ਤਾਹਿਰ ਹੁਸੈਨ ਦੇ ਖ਼ਿਲਾਫ਼ ਪਰਚਾ ਦਰਜ

*** ਆਮ ਆਦਮੀ ਪਾਰਟੀ ਨੇ ਬਾਹਰ ਦਾ ਰਸਤਾ ਦਿਖਾਇਆ**



ਨਵੀਂ ਦਿੱਲੀ, 27 ਫਰਵਰੀ, (ਪੋਸਟ ਬਿਊਰੋ)- ਇੰਟੈਲੀਜੈਂਸ ਬਿਊਰੋ (ਆਈ ਬੀ) ਅਧਿਕਾਰੀ ਅੰਕਿਤ ਸ਼ਰਮਾ ਦੇ ਕਤਲ ਕੇਸ ਵਿੱਚ ਆਮ ਆਦਮੀ ਪਾਰਟੀ ਦੇ ਕੌਂਸਲਰ ਤਾਹਿਰ ਹੁਸੈਨ ਉੱਤੇ ਪਰਚਾ ਦਰਜ ਹੋ ਗਿਆ ਹੈ। ਇਸ ਤੋਂ ਬਾਅਦ ਪਾਰਟੀ ਨੇ ਉਸ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ ਅਤੇ ਇਸ ਨਾਲ ਸਿਆਸਤ ਗਰਮਾ ਗਈ ਹੈ। ਇਨ੍ਹਾਂ ਦੋਸ਼ਾਂ ਬਾਰੇ ਤਾਹਿਰ ਦਾ ਕਹਿਣਾ ਹੈ ਕਿ ਤਬਾਹੀ ਦਾ ਸਮਾਨ ਉਨ੍ਹਾਂ ਦੇ ਘਰ ਕਿਵੇਂ ਆਇਆ ਅਤੇ ਇਥੋਂ ਕਿਸ ਨੇ ਪੈਟਰੋਲ ਬੰਬ, ਪੱਥਰ ਅਤੇ ਤੇਜ਼ਾਬ ਸੁੱਟੇ, ਇਸ ਬਾਰੇ ਉਨ੍ਹਾਂ ਨੂੰ ਜਾਣਕਾਰੀ ਨਹੀਂ, ਕਿਉਂਕਿ ਉਨ੍ਹਾਂ ਦਾ ਘਰ ਪੁਲਿਸ ਦੀ ਨਿਗਰਾਨੀ ਵਿੱਚ ਸੀ।

ਉੱਤਰ ਪੂਰਬੀ ਦਿੱਲੀ ਵਿੱਚ ਹੋਏ ਦੰਗਿਆਂ ਬਾਰੇ ਦੋਸ਼ਾਂ ਵਿੱਚ ਘਿਰੇ ਆਮ ਆਦਮੀ ਪਾਰਟੀ ਦੇ ਆਗੂ ਤਾਹਿਰ ਹੁਸੈਨ ਨੇ ਕਿਹਾ ਕਿ 24 ਫਰਵਰੀ ਨੂੰ ਮੈਂ 11:30 ਵਜੇ ਤਕ ਆਪਣੇ ਘਰ ਹੀ ਸਾਂ। ਘਰ ਉੱਤੇ ਹਮਲਾ ਹੋਣ ਕਾਰਨ ਮੈਂ ਵਾਰ-ਵਾਰ ਪੁਲਿਸ ਨੂੰ ਫੋਨ ਕੀਤਾ, ਪਰ ਮਦਦ ਨਹੀਂ ਮਿਲੀ। ਆਮ ਆਦਮੀ ਪਾਰਟੀ ਦੇ ਕੌਂਸਲਰ ਤਾਹਿਰ ਹੁਸੈਨ ਬਾਰੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜੇ ਹਿੰਸਾ ਵਿਚ ਉਸ ਦੀ ਪਾਰਟੀ ਦਾ ਕੋਈ ਨੇਤਾ ਜਾਂ ਵਰਕਰ ਸ਼ਾਮਲ ਹੋਵੇ ਤਾਂ ਉਸ ਨੂੰ ਦੁੱਗਣੀ ਸਜ਼ਾ ਮਿਲਣੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਉਤਰ ਪੂਰਬੀ ਦਿੱਲੀ ਦੀ ਹਿੰਸਾ ਬਾਰੇ ਪੁਲਿਸ ਨੇ 106 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਸੀ ਸੀ ਟੀ ਵੀ ਫੁਟੇਜ ਦੇ ਆਧਾਰ ਉੱਤੇ ਹੋਰ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਕੋਸ਼ਿਸ਼ ਹੋ ਰਹੀ ਹੈ। ਪੁਲਿਸ ਨੇ 48 ਪਰਚੇ ਦਰਜ ਕੀਤੇ ਹਨ। ਦਿੱਲੀ ਪੁਲਿਸ ਨੇ ਉਤਰ ਪੂਰਬੀ ਦਿੱਲੀ ਵਿੱਚ ਡਰੋਨ ਨਾਲ ਲਿਆ ਇਕ ਵੀਡੀਓ ਜਾਰੀ ਕੀਤਾ ਹੈ, ਜਿਸ ਵਿਚ ਇਸ ਇਲਾਕੇ ਵਿਚ ਸ਼ਾਂਤੀ ਦਿੱਸਦੀ ਹੈ। ਸਪੈਸ਼ਲ ਕਮਿਸ਼ਨਰ ਕਾਨੂੰਨ ਤੇ ਵਿਵਸਥਾ ਐਸ ਐਨ ਸ੍ਰੀਵਾਸਤਵ ਵੀਰਵਾਰ ਨੂੰ ਖਜੂਰੀ ਖਾਸ ਇਲਾਕੇ ਦੇ ਲੋਕਾਂ ਵਿਚ ਗਏ ਤੇ ਸਾ-ਰਿਆਂ ਨੂੰ ਸ਼ਾਂਤੀ ਬਹਾਲ ਕਰਨ ਦੀ ਅਪੀਲ ਕੀਤੀ।

ਉਤਰੀ ਪੂਰਬੀ ਦਿੱਲੀ ਵਿਚ ਹਿੰਸਾ ਬਾਰੇ ਤੀਜੇ ਦਿਨ ਕਰਾਵਲ ਨਗਰ ਵਿਚ ਕਾਰਾਂ ਨੂੰ ਸਾੜਨ ਦਾ ਪਤਾ ਲੱਗਾ ਹੈ ਕਿ ਨਹਿਰੂ ਵਿਹਾਰ ਦੇ ਕੌਂਸਲਰ ਤਾਹਿਰ ਹੁਸੈਨ ਦੇ ਘਰ ਨੇੜਲੇ ਸਾਬਕਾ ਵਿਧਾਇਕ ਮਹਿਕ ਸਿੰਘ ਦੇ ਘਰ ਸੋਮਵਾਰ ਨੂੰ ਖਜੂਰੀ ਦੇ ਇਕ ਪਰਿਵਾਰ ਦੀ ਲੜਕੀ ਦਾ ਵਿਆਹ ਸੀ। ਹਿੰਸਾ ਮੌਕੇ ਉਸ ਦਿਨ ਇਸ ਮਕਾਨ ਨੂੰ ਅੱਗ ਲਾਈ ਗਈ ਅਤੇ ਪਾਰਕਿੰਗ ਵਿਚ ਖੜ੍ਹੀਆਂ ਗੱਡੀਆਂ ਤੋੜ ਦਿੱਤੀਆਂ ਗਈਆਂ ਤੇ ਲਗਪਗ ਇਕ ਦਰਜਨ ਗੱਡੀਆਂ ਸਾੜ ਦਿੱਤੀਆਂ ਗਈਆਂ ਸਨ।

# ਦਿੱਲੀ ਹਿੰਸਾ: ਭਾਜਪਾ ਨੂੰ ਕਾਂਬਾ ਛੇੜਨ ਵਾਲੇ ਜਸਟਿਸ ਮੁਰਲੀਧਰ ਦਾ ਰਾਤੋ-ਰਾਤ ਤਬਾਦਲਾ

*** ਕੇਂਦਰ ਸਰਕਾਰ ਨੇ ਦਿੱਲੀ ਤੋਂ ਚੰਡੀਗੜ੍ਹ ਨੂੰ ਤੋਰਿਆ**

ਚੰਡੀਗੜ੍ਹ, 27 ਫਰਵਰੀ, (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਦੇ ਮੁੱਦੇ ਉੱਤੇ ਉੱਤਰ-ਪੂਰਬੀ ਦਿੱਲੀ ਵਿੱਚ ਹਿੰਸਾ ਫੈਲਣ ਦੇ ਬਾਅਦ ਭਾਜਪਾ ਨੇਤਾਵਾਂ ਦੇ ਭੜਕਾਊ ਬਿਆਨਾਂ ਕਾਰਨ ਬੁੱਧਵਾਰ ਨੂੰ ਦਿੱਲੀ ਹਾਈ ਕੋਰਟ ਦੇ ਜੱਜ ਜਸਟਿਸ ਐਸ ਮੁਰਲੀਧਰ ਨੇ ਦਿੱਲੀ ਪੁਲਿਸ ਤੇ ਕੇਂਦਰ ਸਰਕਾਰ ਨੂੰ ਖੂਬ ਝਾੜਿਆ ਸੀ, ਉਸੇ ਦਿਨ ਅੱਧੀ ਰਾਤ ਉਨ੍ਹਾਂ ਦਾ ਟ੍ਰਾਂਸਫਰ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਕਰ ਦਿੱਤਾ ਗਿਆ। ਉਹ ਹਾਈ ਕੋਰਟ ਦੇ ਸੀਨੀਅਰ ਜੱਜਾਂ ਦੀ ਲਿਸਟ ਵਿੱਚ ਤੀਸਰੇ ਨੰਬਰ ਉੱਤੇ ਆਉਂਦੇ ਹਨ। ਇਸ ਤਬਾਦਲੇ ਨੂੰ ਬੁੱਧਵਾਰ ਦੀ ਸੁਣਵਾਈ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।

ਭਾਰਤ ਦੇ ਕਾਨੂੰਨ ਮੰਤਰਾਲੇ ਨੇ ਬੁੱਧਵਾਰ ਦੇਰ ਰਾਤ ਉਨ੍ਹਾਂ ਦੇ ਟ੍ਰਾਂਸਫਰ ਦਾ ਨੋਟੀਫੀਕੇਸ਼ਨ ਜਾਰੀ ਕੀਤਾ ਸੀ, ਜਿਸ ਵਿੱਚ ਕਿਹਾ ਗਿਆ ਕਿ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਭਾਰਤ ਦੇ ਚੀਫ਼ ਜਸਟਿਸ ਐਸ ਏ ਬੋਬੜੇ ਨਾਲ ਵਿਚਾਰ ਕਰਨ ਪਿੱਛੋਂ ਇਹ ਫੈਸਲਾ ਲਿਆ ਹੈ। ਜ਼ਿਕਰ ਯੋਗ ਹੈ ਕਿ ਪਹਿਲਾਂ 12 ਫਰਵਰੀ ਨੂੰ ਸੁਪਰੀਮ ਕੋਰਟ ਦੇ ਕੋਲੇਜੀਅਮ ਨੇ ਜਸਟਿਸ ਮੁਰਲੀਧਰ ਸਣੇ ਤਿੰਨ ਜੱਜਾਂ ਦੀ ਟ੍ਰਾਂਸਫਰ ਦੀ ਸਿਫਾਰਸ਼ ਕੀਤੀ ਸੀ। ਫਿਰ ਵੀ ਇਸ ਤਬਾਦਲੇ ਲਈ ਜਾਰੀ ਹੋਏ ਹੁਕਮ ਦੇ ਸਮੇਂ ਤੇ ਅਦਾਲਤੀ ਕਾਰਵਾਈ ਦੇ ਮਿਲ ਜਾਣ ਨਾਲ ਇਸ ਉੱਤੇ ਰਾਜਨੀਤੀ ਗਰਮਾ ਗਈ ਹੈ। ਕਾਂਗਰਸ ਨੇ ਹਾਈ ਕੋਰਟ ਦੇ ਜੱਜ ਦੀ ਰਾਤੋ-ਰਾਤ ਟ੍ਰਾਂਸਫਰ ਬਾਰੇ ਮੋਦੀ ਸਰਕਾਰ ਉੱਤੇ ਕਿੰਤੂ ਕੀਤੇ ਹਨ। ਰਾਹੁਲ ਗਾਂਧੀ ਨੇ ਟਵੀਟ ਕੀਤਾ ਕਿ 'ਬਹਾਦੁਰ ਜੱਜ ਲੋਇਆ ਨੂੰ ਯਾਦ ਕਰੋ, ਜਿਨ੍ਹਾਂ ਦਾ ਟ੍ਰਾਂਸਫਰ ਨਹੀਂ ਹੋਇਆ ਸੀ।' ਦੂਸਰੇ ਪਾਸੇ ਕੇਂਦਰੀ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਸਰਕਾਰ ਦਾ ਬਚਾਅ ਕਰਦੇ ਹੋਏ ਸਫਾਈ ਪੇਸ਼ ਕੀਤੀ ਹੈ ਕਿ ਸਭ ਕੁਝ ਤੈਅ ਪ੍ਰਕ੍ਰਿਆ ਹੇਠ ਹੋਇਆ ਹੈ।

ਵਰਨਣ ਯੋਗ ਹੈ ਕਿ ਬੁੱਧਵਾਰ ਨੂੰ ਹਾਈ ਕੋਰਟ ਵਿੱਚ ਕੇਂਦਰ ਸਰਕਾਰ ਨੂੰ ਫਿਟਕਾਰ ਲਾਏ ਜਾਣ ਤੋਂ ਪਹਿਲੇ ਦਿਨ ਮੰਗਲਵਾਰ ਅੱਧੀ ਰਾਤ ਵੀ ਜਸਟਿਸ ਮੁਰਲੀਧਰ ਨੇ ਅਦਾਲਤ ਲਾਈ ਸੀ। ਦਿੱਲੀ ਵਿੱਚ ਭੜਕੀ ਹਿੰਸਾ ਵਿੱਚ ਜ਼ਖ਼ਮੀਆਂ ਦੇ ਇਲਾਜ ਲਈ ਮੰਗਲਵਾਰ ਰਾਤ 12:30 ਵਜੇ ਜਸਟਿਸ ਮੁਰਲੀਧਰ ਦੇ ਘਰ ਸੁਣਵਾਈ ਵਿੱਚ ਜਸਟਿਸ ਅਨੂਪ ਭੰਬਾਨੀ ਵੀ ਸ਼ਾਮਲ ਸਨ। ਸ਼ਿਕਾਇਤ ਕਰਤਾ ਵਕੀਲ ਸੁਰੂਰ ਅਹਿਮਦ ਦੀ ਮੰਗ ਉੱਤੇ ਪੁਲਿਸ ਨੂੰ ਹਿੰਸਾ ਵਾਲੇ ਖੇਤਰ ਮੁਸਤਫਾਬਾਦ ਦੇ ਅਲ-ਹਿੰਦ ਹਸਪਤਾਲ ਵਿੱਚ ਫਸੇ ਮਰੀਜ਼ਾਂ ਨੂੰ ਪੂਰੀ ਸੁਰੱਖਿਆ ਨਾਲ ਵੱਡੇ ਹਸਪਤਾਲ ਪਹੁੰਚਾਉਣ ਦਾ ਹੁਕਮ ਦਿੱਤਾ ਗਿਆ ਸੀ। ਇਸ ਦੇ ਅਗਲੇ ਦਿਨ ਜਸਟਿਸ ਮੁਰਲੀਧਰ ਅਤੇ ਜਸਟਿਸ ਤਲਵੰਤ ਸਿੰਘ ਦੀ ਬੈਂਚ ਨੇ ਸੋਸ਼ਲ ਵਰਕਰ ਹਰਸ਼ ਮੰਦਰ ਦੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਭਾਜਪਾ ਆਗੂ ਕਪਿਲ ਮਿਸ਼ਰਾ ਸਣੇ ਤਿੰਨ ਭਾਜਪਾ ਨੇਤਾਵਾਂ ਉੱਤੇ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਸੀ। ਜਸਟਿਸ ਮੁਰਲੀਧਰ ਅਤੇ ਜਸਟਿਸ ਇਸ ਮੌਕੇ ਦਿੱਲੀ ਦੀ ਹਿੰਸਾ ਤੋਂ ਪਹਿਲਾਂ ਭੜਕਾਊ ਭਾਸ਼ਣ ਦੇਣ ਵਾਲੇ ਨੇਤਾਵਾਂ ਖਿਲਾਫ ਕਾਰਵਾਈ ਨਾ ਕਰਨ ਉੱਤੇ ਦਿੱਲੀ ਪੁਲਿਸ ਨੂੰ ਝਾੜ ਵੀ ਪਾਈ ਤੇ ਕਿਹਾ ਸੀ ਕਿ 'ਹਿੰਸਾ ਭੜਕਾਉਣ ਵਾਲਿਆਂ ਉੱਤੇ ਤੁਰੰਤ ਕੇਸ ਦਰਜ ਕਰਨਾ ਕੀ ਜ਼ਰੂਰੀ ਨਹੀਂ? ਹਿੰਸਾ ਰੋਕਣ ਲਈ ਤੁਰੰਤ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਅਸੀਂ ਦਿੱਲੀ ਵਿੱਚ ਮੁੜ ਕੇ 1984 ਵਾਲੇ ਹਾਲਾਤ ਨਹੀਂ ਬਣਨ ਦਿਆਂਗੇ।'



ਬੁੱਧਵਾਰ ਦੀ ਤਿੰਨ ਘੰਟੇ ਦੀ ਸੁਣਵਾਈ ਦੌਰਾਨ ਜਸਟਿਸ ਮੁਰਲੀਧਰ ਨੇ ਦਿੱਲੀ ਪੁਲਿਸ ਨੂੰ ਭੜਕਾਊ ਭਾਸ਼ਣਾਂ ਦੇ ਵੀਡੀਓ ਵੇਖਣ ਤੇ ਭਾਜਪਾ ਨੇਤਾ ਕਪਿਲ ਮਿਸ਼ਰਾ, ਅਨੁਰਾਗ ਠਾਕੁਰ ਤੇ ਪ੍ਰਵੇਸ਼ ਵਰਮਾ ਖਿਲਾਫ ਕੇਸ ਦਰਜ ਕਰਨ ਵਾਸਤੇ ਕਿਹਾ ਸੀ। ਜਸਟਿਸ ਮੁਰਲੀਧਰ ਨੇ ਕੋਰਟ ਵਿੱਚ ਕਪਿਲ ਮਿਸ਼ਰਾ ਦਾ ਵਾਇਰਲ ਵੀਡੀਓ ਪਲੇਅ ਕਰਵ-ਾਇਆ ਅਤੇ ਪੁਲਿਸ ਨੂੰ ਇਸ ਬਾਰੇ ਵੀਰਵਾਰ ਨੂੰ ਰਿਪੋਰਟ ਕਰਨ ਨੂੰ ਕਿਹਾ ਸੀ।

## ਭਾਜਪਾ ਲੀਡਰਾਂ ਉੱਤੇ ਦਿੱਲੀ ਹਿੰਸਾ ਦੇ ਕੇਸ ਦਰਜ ਕਰਨ ਨੂੰ ਦਿੱਲੀ ਪੁਲਿਸ ਨਹੀਂ ਮੰਨੀ

*** ਅਗਲੀ ਸੁਣਵਾਈ 13 ਅਪ੍ਰੈਲ ਉੱਤੇ ਟਾਲੀ ਗਈ**

ਨਵੀਂ ਦਿੱਲੀ, 27 ਫਰਵਰੀ, (ਪੋਸਟ ਬਿਊਰੋ)- ਦਿੱਲੀ ਵਿੱਚ ਇਸ ਹਫਤੇ ਦੇ ਤਿੰਨ ਦਿਨ ਹੋਈ ਹਿੰਸਾ ਦਾ ਕਾਰਨ ਬਣਨ ਲਈ ਜ਼ਿਮੇਵਾਰ ਸਮਝੇ ਜਾਂਦੇ ਭੜਕਾਉ ਭਾਸ਼ਣ ਬਾਰੇ ਅੱਜ ਹਾਈ ਕੋਰਟ ਵਿੱਚ ਸੁਣਵਾਈ ਹੋਈ ਤਾਂ ਅਦਾਲਤ ਵਿੱਚ ਦਿੱਲੀ ਪੁਲਿਸ ਨੇ ਕਿਹਾ ਕਿ ਉਹ ਸਾਰੇ ਵੀਡੀਓ ਦੇਖ ਰਹੇ ਹਨ। ਹਾਈ ਕੋਰਟ ਨੇ ਕੇਂਦਰ ਸਰਕਾਰ ਤੋਂ ਇਸ ਬਾਰੇ ਚਾਰ ਹਫ਼ਤਿਆਂ ਵਿੱਚ ਜਵਾਬ ਮੰਗਿਆ ਹੈ ਅਤੇ ਕੇਸ ਦੀ ਅਗਲੀ ਸੁਣਵਾਈ 13 ਅਪ੍ਰੈਲ ਨੂੰ ਹੋਵੇਗੀ।

ਵਰਨਣ ਯੋਗ ਹੈ ਕਿ ਨਾਗਰਿਕਤਾ ਸੋਧ ਕਾਨੂੰਨ ਦੇ ਦੌਰਾਨ ਉੱਤਰ ਪੂਰਬੀ ਦਿੱਲੀ ਵਿੱਚ ਵਾਪਰੀ ਫਿਰਕੂ ਹਿੰਸਾ ਦੇ ਕੇਸ ਵਿੱਚ ਦਿੱਲੀ ਹਾਈ ਕੋਰਟ ਨੇ ਪਰਚੇ ਦਰਜ ਕਰਨ ਅਤੇ ਗ੍ਰਿਫ਼ਤਾਰੀ ਦੀ ਮੰਗ ਕਰਦੀ ਇੱਕ ਪਟੀਸ਼ਨ ਵਿੱਚ ਭਾਜਪਾ ਦੇ ਇੱਕ ਧਿਰ ਬਣਨ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਹੈ। ਅੱਜ ਵੀਰਵਾਰ ਦੀ ਸੁਣਵਾਈ ਦੇ ਦੌਰਾਨ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਕੇਂਦਰ ਸਰਕਾਰ ਤੇ ਪੁਲਿਸ ਨੂੰ ਤਿੰਨ ਭਾਜਪਾ ਨੇਤਾਵਾਂ ਦੇ ਨਫ਼ਰਤ ਭਰੇ ਭਾਸ਼ਣਾਂ ਸਬੰਧੀ ਕੇਸ ਦਰਜ ਕਰਨ ਲਈ ਪਟੀਸ਼ਨ ਦਾ ਜਵਾਬ ਦੇਣ ਦੀ ਲੋੜ ਹੈ। ਸਾਲਿਸਿਟਰ ਜਨਰਲ ਨੇ ਕਿਹਾ ਕਿ ਅੱਗ ਲੱਗਣ, ਲੁੱਟਮਾਰ ਤੇ ਹਿੰਸਾ ਵਿੱਚ ਹੋਈਆਂ ਮੌਤਾਂ ਦੇ ਸਬੰਧ ਵਿੱਚ 48 ਪਰਚੇ ਦਰਜ ਕੀਤੇ ਗਏ ਹਨ।

ਭਾਜਪਾ ਆਗੂਆਂ ਦੇ ਭੜਕਾਉ ਭਾਸ਼ਣਾਂ ਬਾਰੇ ਦਿੱਲੀ ਹਾਈ ਕੋਰਟ ਵਿੱਚ ਸੁਣਵਾਈ ਮੌਕੇ ਦਿੱਲੀ ਪੁਲਿਸ ਦੇ ਵਕੀਲ ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਕਿਹਾ ਕਿ ਕਪਿਲ ਮਿਸ਼ਰਾ, ਪ੍ਰਵੇਸ਼ ਵਰਮਾ ਤੇ ਅਨੁਰਾਗ ਠਾਕੁਰ ਉੱਤੇ ਕੇਸ ਦਰਜ ਨਹੀਂ ਹੋ ਸਕਦਾ। ਮਹਿਤਾ ਨੇ ਕਿਹਾ ਕਿ ਅਸੀਂ ਕਾਹਲੀ ਵਿੱਚ ਸਿਰਫ 1-2 ਜਣਿਆਂ ਉੱਤੇ ਕੇਸ ਦਰਜ ਨਹੀਂ ਕਰ ਸਕਦੇ। ਸਾਨੂੰ ਏਦਾਂ ਦੇ ਬਹੁਤ ਸਾਰੇ ਬਿਆਨ ਮਿਲੇ ਹਨ, ਉਨ੍ਹਾਂ ਸਾਰਿਆਂ ਦੀ ਜਾਂਚ ਕਰਨੀ ਪਵੇਗੀ ਅਤੇ ਉਸ ਦੇ ਲਈ ਸਹੀ ਮਾਹੌਲ ਨਹੀਂ ਹੈ, ਕਿਉਂਕਿ ਇਸ ਵੇਲੇ ਸਥਿਤੀ ਸੁਧਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਤੁਸ਼ਾਰ ਮਹਿਤਾ ਨੇ ਕੋਰਟ ਵਿੱਚ ਦਲੀਲ ਦਿੱਤੀ ਕਿ ਉੱਤਰ-ਪੂਰਬੀ ਦਿੱਲੀ ਵਿੱਚ ਸਥਿਤੀ ਆਮ ਹੋਣ ਤੱਕ ਦਖਲ ਦੇਣ ਦੀ ਜਲਦੀ ਨਹੀਂ ਹੈ।

## ਅਮਰੀਕਾ ਤੋਂ ਭਾਰਤ ਦੀ ਕੱਚਾ ਤੇਲ ਇੰਪੋਰਟ 10 ਗੁਣਾ ਵਧੀ

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਊਰਜਾ ਮੰਤਰੀ ਡੇਨ ਬਰੁਈਲੇਟ ਨੇ ਕਿਹਾ ਕਿ ਅਮਰੀਕਾ ਤੋਂ ਭਾਰਤ ਨੂੰ ਕੱਚੇ ਤੇਲ ਦੀ ਸਪਲਾਈ ਪਿਛਲੇ ਕੁਝ ਸਾਲਾਂ ਦੌਰਾਨ 10 ਗੁਣਾ ਵਧ ਕੇ 2.5 ਲੱਖ ਬੈਰਲ ਰੋਜ਼ ਤੱਕ ਪਹੁੰਚ ਗਈ ਹੈ। ਓਥੋਂ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਇੱਕ ਕਾਰੋਬਾਰੀ ਬੈਠਕ 'ਚ ਉਨ੍ਹਾਂ ਕਿਹਾ ਕਿ ਭਾਰਤ ਦੋ ਸਾਲ ਪਹਿਲਾਂ ਅਮਰੀਕਾ ਤੋਂ 25000 ਬੈਰਲ ਰੋਜ਼ ਤੇਲ ਦੀ ਇੰਪੋਰਟ ਕਰਦਾ ਸੀ, ਜੋ 2.5 ਲੱਖ ਬੈਰਲ ਰੋਜ਼ ਹੋ ਗਈ ਹੈ।

ਭਾਰਤ ਨੇ 2017 'ਚ ਅਮਰੀਕਾ ਤੋਂ ਕੱਚੇ ਤੇਲ ਦੀ ਇੰਪੋਰਟ ਸ਼ੁਰੂ ਕੀਤੀ ਸੀ। ਇਸ ਦੇ ਪਿੱਛੇ ਮਕਸਦ ਓਪੇਕ ਦੇਸ਼ਾਂ ਤੋਂ ਇਲਾਵਾ ਦੂਜੇ ਦੇਸ਼ਾਂ ਨੂੰ ਸ਼ਾਮਲ ਕਰ ਕੇ ਇੰਪੋਰਟ 'ਚ ਵੰਨ-ਸੁਵੰਨਤਾ ਲਿਆਉਣਾ ਸੀ। ਇਸ ਨਾਲ ਭਾਰਤ ਨੇ 2017-18 ਵਿੱਚ ਅਮਰੀਕਾ ਤੋਂ 19 ਲੱਖ ਟਨ (38000 ਬੈਰਲ ਰੋਜ਼) ਅਤੇ 2018-19 'ਚ 62 ਲੱਖ ਟਨ (1.24 ਲੱਖ ਬੈਰਲ ਰੋਜ਼ਾਨਾ) ਤੇਲ ਖਰੀਦਿਆ।

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Inderjit Singh
Daljit Singh, President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage*
Tel:905-405-8484
www.paramjitdeol.com
Email: pdeol3@yahoo.ca
"Your neighborhood broker, Call Paramjit Deol Today"

Mississauga $749,000 — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

Toronto $179,000 — 6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month & Very Low Rent.

Caledon $749,900 — Old Church & Atchinson: Caledon East One Of The Best Communities To Live & Raise Your Family W/ Amenities Right In Town. Freehold Townhouse, Grand Foyer, Hardwood With Oak Stairs, Laminate In The Bedrooms, Sensational Kitchen W/ Granite Counter Top, Centre Island.

Mississauga $199,900 — Techlogics — 5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

Brampton $349,000 — Photo Not Available — 10635 Bramalea Rd J-4: Turn Key Operation, Well Established Franchise Pizzeria Business For Sale. Located In A Very Busy Plaza W/ High Anchor Tenants Such As Freshco, Beer Store, Banks, Schools & More, Very Profitable Business W/ Sales Of $55,000-$60,000/Month.

Brampton $249,000 — 373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

MISSISSAUGA $299,000 — Photo Not Available — 5380 Terry Fox Way 12: Turn Key Operation, Be Your Own Boss Today, Franchise Pizzeria In A High Demand Area Of Mississauga, Surrounded By Thousands Of Homes, Situated In A Very Busy Plaza. Weekly Sales Of $15,000 & Very Low Rent Of $4,000 Per Month, Great Net Profits, Long Term Lease Worry Free.

Waterloo $399,000 — Photo Not Available — Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

Brampton $349,000 — Photo Not Available — 284 Orenda Dr 19: Well Established Indian Restaurant In A High Demand Area Of Brampton, 16 Years In Business, Well Known For Taste And Service. Excellent Corporate Location, In A Very Busy Plaza With Fabulous Exposure, Daily Buffet, Catering, Dine-In Veg. And Non-Veg. Rent Of $6,700

Brampton $459,000 — 7800 Hurontario St 1 : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure, High Density Traffic Flow Daily, Great Size Dinning & Bar Areas.

Barrie $769,000 — Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

Oshawa $659,000 — Photo Not Available — 150 Windfields Farm Dr 86: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $499,000 — 15 Gateway Blvd: Opportunity Awaits, Professionally Designed Restaurant + Bars+ 2 Party Rooms, Llbo. Very Busy Restaurant, Capacity Of 150 People For Restaurant With 2 Additional Party Rooms W/ Capacity Of 40 People + 40 Dine In & Take-Out Catering. Excellent $$ Making Opportunity With Many Revenue

Brampton $549,000 — Clark & Bramalea: Professionally Renovated 4 Br & 2 Full Washroom Townhouse Near Bramalea City Centre. New Luxurious Modern Kitchen With Granite Countertop, Undermount S/S Sink & Backsplash. New Oak Staircase, All New Flooring, Pot Lights, New Modern Washrooms & New Classic Door.

Toronto $789,000 — Warden And Steeles: Extreme Makeover"Condo Edition! This Rarely Offered Corner Unit Is A Must See. The Spacious 1907 Sqft, 2Bdr/2Bath Has Received A Top To Bottom Update & The Transformation Is Simply Stunning. Brand New O/ C Eat-In Kit, S/S Appli, Custom-Made Ww Treatment, Drapery.

Mississauga $715,000 — Derry And Mclaughlin: One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਅਸ਼ਲੀਲ ਵੀਡਿਓ ਬਣਾ ਕੇ ਬਲੈਕਮੇਲ ਕਰਨ ਵਾਲੇ ਗੈਂਗ ਦਾ ਪਰਦਾ ਫ਼ਾਸ਼



ਬਠਿੰਡਾ, 27 ਫਰਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੇ ਥਾਣਾ ਥਰਮਲ ਦੀ ਪੁਲਿਸ ਨੇ ਬਲੈਕਮੇਲ ਕਰਨ ਵਾਲੇ ਗੈਂਗ ਦਾ ਪਰਦਾ ਫ਼ਾਸ਼ ਕਰ ਕੇ ਦੋ ਔਰਤਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਔਰਤਾਂ ਭੋਲੇ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾ ਲੈਂਦੀਆਂ ਤੇ ਫਿਰ ਆਪਣੇ ਸਾਥੀਆਂ ਨਾਲ ਮਿਲ ਕੇ ਉਨ੍ਹਾਂ ਦੀ ਅਸ਼ਲੀਲ ਵੀਡੀਓ ਬਣਾ ਕੇ ਬਲੈਕਮੇਲ ਕਰਦੀਆਂ ਸਨ। ਦੋਸ਼ੀ ਔਰਤਾਂ ਦੀ ਪਛਾਣ ਹਰਪ੍ਰੀਤ ਕੌਰ ਵਾਸੀ ਆਦਰਸ਼ ਨਗਰ ਤੇ ਜਸਪਾਲ ਕੌਰ ਪਿੰਡ ਦਿਉਣ ਵਜੋਂ ਹੋਈ ਹੈ। ਪੁਲਿਸ ਨੇ ਇਨ੍ਹਾਂ ਔਰਤਾਂ ਸਮੇਤ ਇਸ ਗਿਰੋਹ ਦੇ ਸੱਤ ਮੈਂਬਰਾਂ ਉੱਤੇ ਕੇਸ ਦਰਜ ਕੀਤਾ ਹੈ। ਪੁਲਿਸ ਨੇ ਇਹ ਕਾਰਵਾਈ ਇਸ ਗਿਰੋਹ ਦਾ ਸ਼ਿਕਾਰ ਬਣੇ ਇਕ ਬੈਂਕ ਅਧਿਕਾਰੀ ਦੀ ਸ਼ਿਕਾਇਤ ਉੱਤੇ ਅਮਲ ਵਿੱਚ ਲਿਆਂਦੀ ਹੈ।

ਥਾਣਾ ਮੁਖੀ ਸਬ-ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਇਕ ਨਿੱਜੀ ਬੈਂਕ ਦੇ ਅਧਿਕਾਰੀ ਸਤਿੰਦਰ ਸਿੰਘ ਨੇ ਸ਼ਿਕਾਇਤ ਕੀਤੀ ਹੈ ਕਿ 24 ਫਰਵਰੀ ਨੂੰ ਉਹ ਆਪਣੀ ਕਾਰ ਉੱਤੇ ਗੋਨਿਆਣਾ ਮੰਡੀ ਤੋਂ ਬਠਿੰਡਾ ਆ ਰਿਹਾ ਸੀ। ਪਿੰਡ ਗਿੱਲ ਪੱਤੀ ਕੋਲ ਸਲਿੱਪ ਰੋਡ ਉੱਤੇ ਖੜ੍ਹੀ ਇਕ ਔਰਤ ਨੇ ਲਿਫਟ ਲੈਣ ਲਈ ਰੁਕਣ ਦਾ ਇਸ਼ਾਰਾ ਕੀਤਾ। ਸਤਿੰਦਰ ਸਿੰਘ ਨੇ ਦੱਸਿਆ ਕਿ ਉਸ ਔਰਤ ਨੂੰ ਉਹ ਪਹਿਲਾਂ ਤੋਂ ਜਾਣਦਾ ਸੀ, ਇਸ ਲਈ ਉਸ ਨੇ ਕਾਰ ਰੋਕ ਦਿੱਤੀ ਤੇ ਉਹ ਔਰਤ ਕਾਰ ਵਿਚ ਬੈਠ ਗਈ। ਪੀੜਤ ਨੇ ਦੱਸਿਆ ਕਿ ਉਹ ਔਰਤ ਹਰਪ੍ਰੀਤ ਕੌਰ ਵਾਸੀ ਆਦਰਸ਼ ਨਗਰ ਉਸ ਨੂੰ ਆਪਣੀਆਂ ਗੱਲਾਂ ਦੇ ਝਾਂਸੇ ਵਿਚ ਲੈ ਕੇ ਆਪਣੇ ਘਰ ਲੈ ਗਈ ਤੇ ਚਾਹ ਪੀਣ ਦੀ ਪੇਸ਼ਕਸ਼ ਕੀਤੀ। ਓਥੇ ਪਹਿਲਾਂ ਤੋਂ ਮੌਜੂਦ ਜਸਪਾਲ ਕੌਰ ਪਿੰਡ ਦਿਉਣ ਚਾਹ ਬਣਾਉਣ ਦੇ ਬਹਾਨੇ ਕਮਰੇ ਤੋਂ ਬਾਹਰ ਗਈ ਤੇ ਹਰਪ੍ਰੀਤ ਕੌਰ ਨੇ ਉਸ ਨਾਲ ਅਸ਼ਲੀਲ ਹਰਕਤਾਂ ਸ਼ੁਰੂ ਕਰ ਦਿੱਤੀਆਂ। ਪੀੜਤ ਦੇ ਮੁਤਾਬਕ ਇਸ ਦੌਰਾਨ ਕਮਰੇ ਨਾਲ ਦੇ ਬਾਥਰੂਮ ਵਿਚ ਲੁਕੇ ਕੁਝ ਵਿਅਕਤੀ ਬਾਹਰ ਆਏ ਅਤੇ ਧੱਕੇ ਨਾਲ ਉਸ ਦੇ ਕੱਪੜੇ ਲਾਹ ਕੇ ਅਸ਼ਲੀਲ ਵੀਡੀਓ ਬਣਾ ਲਈ ਤੇ ਵੀਡੀਓ ਵਾਇਰਲ ਕਰਨ ਦੀ ਧਮਕੀ ਦੇ ਕੇ ਉਸ ਦੀ ਜੇਬ ਵਿੱਚੋਂ ਅੱਠ ਹਜ਼ਾਰ ਰੁਪਏ ਕੱਢ ਲਏ ਤੇ ਉਸ ਦਾ ਏ ਟੀ ਐਮ ਕਾਰਡ ਲੈ ਕੇ ਬੈਂਕ ਖਾਤੇ ਤੋਂ 14 ਹਜ਼ਾਰ ਰੁਪਏ ਕਢਵਾ ਲਏ ਤੇ ਧਮਕੀਆਂ ਦਿੱਤੀਆਂ। ਪੁਲਿਸ ਅਫਸਰ ਨੇ ਦੱਸਿਆ ਕਿ ਸਤਿੰਦਰ ਸਿੰਘ ਦੀ ਸ਼ਿਕਾਇਤ ਉੱਤੇ ਦੋਸ਼ੀ ਔਰਤਾਂ ਹਰਪ੍ਰੀਤ ਕੌਰ ਤੇ ਜਸਪਾਲ ਕੌਰ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਨ੍ਹਾਂ ਦੇ ਸਾਥੀ ਸ਼ਕਤੀ ਧੀਰ ਪਿੰਡ ਸਰਦਾਰਗੜ੍ਹ, ਸੁਖਦੀਪ ਸਿੰਘ ਪਿੰਡ ਹੁਸਨਰ ਜ਼ਿਲ੍ਹਾ ਮੁਕਤਸਰ ਸਾਹਿਬ ਤੇ ਤਿੰਨ ਹੋਰ ਅਣਪਛਾਤੇ ਵਿਅਕਤੀਆਂ ਉੱਤੇ ਪਰਚਾ ਦਰਜ ਕੀਤਾ ਗਿਆ ਹੈ।

# ਢੀਂਡਸਾ ਦੀਆਂ ਗੁੱਝੀਆਂ ਸਿਆਸੀ ਗੱਲਾਂ ਦੀ ਆਡੀਓ ਵਾਇਰਲ

ਪਟਿਆਲਾ, 27 ਫਰਵਰੀ (ਪੋਸਟ ਬਿਊਰੋ)- ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਦੀ ਅਕਾਲੀ ਦਲ (ਟਕਸਾਲੀ) ਨਾਲ ਸਿਆਸੀ ਦਾਲ ਗਲਣੀ ਔਖੀ ਹੋ ਸਕਦੀ ਹੈ, ਕਿਉਂਕਿ ਢੀਂਡਸਾ ਅੰਦਰੂਨੀ ਤੌਰ ਉੱਤੇ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਸਿਰਫ ਆਪਣੇ ਵਿਧਾਨ ਸਭਾ ਹਲਕੇ ਜੋਗਾ ਮੰਨਦੇ ਹਨ ਅਤੇ ਇਸ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਬੀਰਦਵਿੰਦਰ ਸਿੰਘ ਪ੍ਰਤੀ ਵੀ ਢੀਂਡਸਾ ਦਾ ਸਿਆਸੀ ਰੁਖ ਚੰਗਾ ਨਹੀਂ ਲੱਗਦਾ। ਇਹ ਗੁੱਝੀਆਂ ਗੱਲਾਂ ਸੁਖਦੇਵ ਸਿੰਘ ਢੀਂਡਸਾ ਦੀ ਵਾਇਰਲ ਹੋਈ ਆਡੀਓ ਤੋਂ ਪਤਾ ਲੱਗਦੀਆਂ ਹਨ।

ਢੀਂਡਸਾ ਕੱਲ੍ਹ ਪਟਿਆਲਾ ਵਿੱਚ ਅਕਾਲੀ ਦਲ ਮੁਲਾਜ਼ਮ ਵਿੰਗ ਦੇ ਸਾਬਕਾ ਪ੍ਰਧਾਨ ਅਤੇ ਪੰਜਾਬ ਮੁਲਾਜ਼ਮ ਭਲਾਈ ਬੋਰਡ ਦੇ ਸਾਬਕਾ ਚੇਅਰਮੈਨ ਸੁਰਿੰਦਰ ਸਿੰਘ ਪਹਿਲਵਾਨ ਕੋਲ ਉਨ੍ਹਾਂ ਦੇ ਘਰ ਗਏ ਸਨ। ਇਸ ਦੌਰਾਨ ਦੋਵਾਂ ਆਗੂਆਂ ਵਿੱਚ ਜੋ ਗੱਲਬਾਤ ਹੋਈ, ਉਸਦੀ ਆਡੀਓ ਵਾਇਰਲ ਹੋ ਗਈ ਹੈ। ਇਸ ਵਿੱਚ ਢੀਂਡਸਾ ਕਹਿੰਦੇ ਹਨ ਕਿ ਰਣਜੀਤ ਸਿੰਘ ਬ੍ਰਹਮਪੁਰਾ ਦਾ ਸਿਆਸੀ ਵੱਕਾਰ ਮਸਾਂ ਉਸਦੇ ਆਪਣੇ ਹਲਕੇ ਤੱਕ ਸੀਮਤ ਹੈ ਤੇ



ਟਕਸਾਲੀ ਧਿਰ ਦੇ ਆਗੂ ਬੀਰਦਵਿੰਦਰ ਸਿੰਘ ਨੂੰ ਲੋਕ ਸਭਾ ਚੋਣ ਪਿੜ 'ਚ ਨਿਗੂਣੀਆਂ ਵੋਟਾਂ ਹੀ ਮਿਲੀਆਂ ਹਨ। ਇਹ ਵੀ ਕਿਹਾ ਹੈ ਕਿ ਬ੍ਰਹਮਪੁਰਾ ਦੇ ਪੁੱਤਰ ਦਾ ਵੀ ਕੋਈ ਬਹੁਤਾ ਸਿਆਸੀ ਆਧਾਰ ਨਹੀਂ। ਇਸ ਦੌਰਾਨ ਢੀਂਡਸਾ ਜਿੱਥੇ ਪਹਿਲਵਾਨ ਤੋਂ ਸਿਆਸੀ ਮਦਦ ਮੰਗ ਰਹੇ ਸਨ, ਉਥੇ ਇਹ ਵੀ ਕਹਿ ਰਹੇ ਸਨ ਕਿ ਸੁਖਬੀਰ ਸਿੰਘ ਬਾਦਲ ਜਿਹੜਾ ਅਕਸਰ ਪਹਿਲਾਂ ਲੀਡਰਾਂ ਨੂੰ ਮਿਲਣ ਤੋਂ ਨਾਂਹ-ਨੁੱਕਰ ਕਰਦਾ ਸੀ, ਉਥੇ ਖ਼ੁਦ ਲੀਡਰਾਂ ਤੋਂ ਮਿਲਣ ਲਈ ਟਾਈਮ ਮੰਗਦਾ ਹੈ। ਆਡੀਓ ਵਿੱਚ ਢੀਂਡਸਾ ਇਹ ਵੀ ਕਹਿ ਰਹੇ ਹਨ ਕਿ ਸੁਖਬੀਰ ਸਿੰਘ ਦੀ ਪ੍ਰਧਾਨਗੀ ਦੌਰਾਨ ਪਾਰਟੀ ਕਦੇ ਜਿੱਤ ਨਹੀਂ ਸਕਦੀ। ਇਸ ਗੱਲਬਾਤ ਵਿੱਚ ਪਟਿਆਲਾ ਜ਼ਿਲ੍ਹੇ ਦੇ ਇੱਕ ਸਾਬਕਾ ਜ਼ਿਲ੍ਹਾ ਪ੍ਰਧਾਨ ਦੀ ਸਿਆਸੀ ਸ਼ਖ਼ਸੀਅਤ ਉੱਤੇ ਟੋਟਕੇ ਕੱਸੇ ਜਾਂਦੇ ਰਹੇ ਹਨ।

ਇਹ ਆਡੀਓ ਕਰੀਬ 12 ਮਿੰਟ ਦੀ ਹੈ। ਇਸ ਦੌਰਾਨ ਅਕਾਲੀ ਦਲ ਬਾਦਲ ਨਾਲ ਜੁੜੇ ਹੋਏ ਆਗੂ ਸੁਰਿੰਦਰ ਸਿੰਘ ਪਹਿਲਵਾਨ ਨੇ ਢੀਂਡਸਾ ਨੂੰ ਯਕੀਨ ਦਿਵਾਇਆ ਕਿ ਉਹ ਉਨ੍ਹਾਂ ਨਾਲ ਤੁਰਨ ਲਈ ਤਿਆਰ ਹੈ। ਪਹਿਲਵਾਨ ਨੇ ਢੀਂਡਸਾ ਨੂੰ ਵਿੱਤੀ ਮਦਦ ਦੀ ਪੇਸ਼ਕਸ਼ ਵੀ ਕੀਤੀ ਪਰ ਢੀਂਡਸਾ ਦਾ ਕਹਿਣਾ ਸੀ ਕਿ 23 ਫਰਵਰੀ ਦੀ ਰੈਲੀ ਲੰਘ ਗਈ ਹੈ।

# ਮਹਿਲਾ ਨੇ ਬਿਜ਼ਨਸਮੈਨ ਪਤੀ ਕੋਲੋਂ 25 ਲੱਖ ਮਹੀਨਾ ਕਿਰਾਇਆ ਮੰਗਿਆ

*** ਕੋਰਟ ਨੇ ਕਿਹਾ: ਹਫਤੇ ਵਿਚ ਮਕਾਨ ਲੱਭੋ, ਪਤੀ ਕਿਰਾਇਆ ਦੇਵੇਗਾ**

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਯੂ ਪੀ ਐੱਲ ਗਰੁੱਪ ਦੇ ਸੀ ਈ ਓ ਜੈਦੇਵ ਸ਼ਰਾਫ ਤੋਂ ਵੱਖ ਰਹਿੰਦੀ ਉਨ੍ਹਾਂ ਦੀ ਪਤਨੀ ਪੂਨਮ ਜੈਦੇਵ ਸ਼ਰਾਫ ਨੂੰ ਇੱਕ ਹਫਤੇ ਦੇ ਅੰਦਰ ਮੁੰਬਈ ਵਿੱਚ ਆਪਣੀ ਪਸੰਦ ਦਾ ਕਿਰਾਏ ਦਾ ਮਕਾਨ ਲੱਭਣ ਨੂੰ ਕਿਹਾ ਹੈ। ਜੇ ਉਨ੍ਹਾਂ ਨੇ ਘਰ ਨਹੀਂ ਲੱਭਿਆ ਤਾਂ ਸੁਪਰੀਮ ਕੋਰਟ ਬੰਬੇ ਹਾਈ ਕੋਰਟ ਦੇ ਰਜਿਸਟਰਾਰ ਜਨਰਲ ਨੂੰ ਉਨ੍ਹਾਂ ਦੇ ਲਈ ਮਕਾਨ ਲੱਭਣ ਨੂੰ ਕਹੇਗੀ, ਜਿਹੜਾ ਉਨ੍ਹਾਂ ਨੂੰ ਲੈਣਾ ਪਵੇਗਾ।

ਮੁੰਬਈ ਦੇ ਬਾਂਦਰਾ ਵਿੱਚ ਫੈਮਿਲੀ ਕੋਰਟ ਵਿੱਚ ਦੋਵਾਂ ਦੇ ਤਲਾਕ ਦਾ ਕੇਸ ਚੱਲਦਾ ਹੈ। ਫੈਮਿਲੀ ਕੋਰਟ ਨੇ ਪੂਨਮ ਨੂੰ ਅੰਤਿਮ ਫੈਸਲੇ ਤੱਕ ਆਪਣੇ ਲਈ ਕਿਰਾਏ ਦਾ ਮਕਾਨ ਲੱਭਣ ਨੂੰ ਕਿਹਾ ਸੀ। ਜੈਦੇਵ ਇਸ ਮਕਾਨ ਦਾ ਕਿਰਾਇਆ ਦੇਣ ਨੂੰ ਤਿਆਰ ਹਨ। ਫੈਮਿਲੀ ਕੋਰਟ ਦੇ ਫੈਸਲੇ ਮੁਤਾਬਕ ਸੁਪਰੀਮ ਕੋਰਟ ਨੇ ਵੀ ਪਿਛਲੀ ਸੁਣਵਾਈ 'ਤੇ ਪੂਨਮ ਨੂੰ ਮਕਾਨ ਲੱਭਣ ਲਈ ਕਿਹਾ। ਕੱਲ੍ਹ ਜਦ ਦੱਸਿਆ ਗਿਆ ਕਿ ਅਜੇ ਉਹ ਮਕਾਨ ਨਹੀਂ ਲੱਭ ਸਕੀ ਤਾਂ ਸੁਪਰੀਮ ਕੋਰਟ ਨੇ ਨਾਰਾਜ਼ਗੀ ਪ੍ਰਗਟ ਕੀਤੀ। ਚੀਫ ਜਸਟਿਸ ਐੱਸ ਏ ਬੋਬਡੇ ਦੀ ਅਗਵਾਈ ਵਾਲੀ ਬੈਂਚ ਨੇ ਕਿਹਾ, ਤੁਸੀਂ ਮਕਾਨ ਚਾਹੁੰਦੇ ਹੋ ਜਾਂ ਨਹੀਂ? ਤੁਸੀਂ ਘਰ ਲੱਭ ਕੇ ਅਗਲੇ ਹਫਤੇ ਆਓ। ਮੁੰਬਈ ਵਿੱਚ ਹਰ ਤਰ੍ਹਾਂ ਦੇ ਲੋਕ ਹਨ ਤੇ ਹਰ ਤਰ੍ਹਾਂ ਦੇ ਲੋਕਾਂ ਲਈ ਮਕਾਨ ਹਨ। ਪੂਨਮ ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਨੂੰ ਕਿਰਾਏ ਦੇ 25 ਲੱਖ ਰੁਪਏ ਦੇ ਦਿੱਤੇ ਜਾਣ। ਜੈਦੇਵ ਦੇ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਇਸ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਉਹ ਕਿਰਾਏ 'ਤੇ ਘਰ ਲੈਣ, ਉਨ੍ਹਾਂ ਦਾ ਕਲਾਈਂਟ ਕਿਰਾਇਆ ਦੇਵੇਗਾ।

# ਪੰਜ ਵਾਰੀਆਂ ਦੀ ਗ੍ਰੈਂਡ ਸਲੈਮ ਚੈਂਪੀਅਨ ਸ਼ਾਰਾਪੋਵਾ ਨੇ ਟੈਨਿਸ ਨੂੰ ਅਲਵਿਦਾ ਕਿਹਾ



ਪੈਰਿਸ, 27 ਫਰਵਰੀ (ਪੋਸਟ ਬਿਊਰੋ)- ਪੰਜ ਵਾਰ ਦੀ ਗ੍ਰੈਂਡ ਸਲੈਮ ਜੇਤੂ ਤੇ ਵਿਸ਼ਵ ਦੀ ਸਾਬਕਾ ਨੰਬਰ ਇੱਕ ਮਹਿਲਾ ਟੈਨਿਸ ਖਿਡਾਰਨ ਰੂਸ ਦੀ ਮਾਰੀਆ ਸ਼ਾਰਾਪੋਵਾ ਨੇ 32 ਸਾਲ ਦੀ ਉਮਰ ਵਿੱਚ ਰਿਟਾਇਰਮੈਂਟ ਦਾ ਐਲਾਨ ਕਰ ਦਿੱਤਾ ਹੈ। ਸ਼ਾਰਾਪੋਵਾ ਨੇ ਸਾਲ 2004 'ਚ 177 ਸਾਲ ਦੀ ਉਮਰ 'ਚ ਵਿੰਬਲਡਨ ਜਿੱਤ ਕੇ ਪ੍ਰਸਿੱਧੀ ਹਾਸਲ ਕੀਤੀ ਸੀ, ਤੇ ਉਹ ਘਾਹ ਦੇ ਕੋਰਟ ਉੱਤੇ ਚੈਂਪੀਅਨ ਬਣਨ ਵਾਲੀ ਤੀਜੀ ਸਭ ਤੋਂ ਛੋਟੀ ਖਿਡਾਰੀ ਸੀ। ਉਸ ਨੇ ਵਿਸ਼ਵ ਦੀ ਨੰਬਰ ਇੱਕ ਖਿਡਾਰਨ ਸੇਰੇਨਾ ਵਿਲੀਅਮਸ ਨੂੰ ਫਾਈਨਲ ਮੁਕਾਬਲੇ 'ਚ ਮਾਤ ਦਿੱਤੀ ਸੀ।

ਸ਼ਾਰਾਪੋਵਾ ਦੇ ਨਾਂਅ 2006 ਅਮਰੀਕਾ ਓਪਨ, 2008 ਆਸਟ੍ਰੇਲੀਅਨ ਓਪਨ ਅਤੇ 2012 ਤੇ 2014 ਫਰੈਂਚ ਓਪਨ ਦਾ ਖ਼ਿਤਾਬ ਦਰਜ ਹੈ। ਮੋਢੇ ਦੀ ਸੱਟ ਤੋਂ ਲੰਬੇ ਸਮੇਂ ਤੋਂ ਜੂਝ ਰਹੀ ਸ਼ਾਰਾਪੋਵਾ ਨੇ ਵੋਗ ਤੇ ਵੈਨਿਟੀ ਫੇਅਰ ਰਸਾਲੇ ਵਿੱਚ ਲਿਖੇ ਲੇਖ 'ਚ ਕਿਹਾ: ਟੈਨਿਸ-ਮੈਂ ਅਲਵਿਦਾ ਕਹਿ ਰਹੀ ਹਾਂ। ਸ਼ਾਰਾਪੋਵਾ ਨੇ ਲਿਖਿਆ ਕਿ 28 ਸਾਲ ਤੇ ਪੰਜ ਗ੍ਰੈਂਡ ਸਲੈਮ ਖ਼ਿਤਾਬਾਂ ਤੋਂ ਬਾਅਦ ਮੈਂ ਇੱਕ ਹੋਰ ਪਹਾੜ ਨੂੰ ਮਾਪਣ ਲਈ ਤਿਆਰ ਹਾਂ। ਇੱਕ ਵੱਖਰੀ ਕਿਸਮ ਦੀ ਧਰਤੀ ਉੱਤੇ ਮੁਕਾਬਲਾ ਕਰਨ ਲਈ। ਸ਼ਾਰਾਪੋਵਾ 'ਤੇ ਸਾਲ 2016 ਦੇ ਆਸਟ੍ਰੇਲੀਅਨ ਓਪਨ ਦੌਰਾਨ ਡਰੱਗ ਟੈਸਟ ਪਿੱਛੋਂ 15 ਮਹੀਨੇ ਦੀ ਪਾਬੰਦੀ ਲਾ ਦਿੱਤੀ ਗਈ ਸੀ, ਜਿਸ ਤੋਂ ਬਾਅਦ ਉਹ ਵਾਪਸੀ ਕਰਨ 'ਚ ਅਸਫ਼ਲ ਰਹੀ ਸੀ। ਰੂਸ ਦੀ ਸਾਬਕਾ ਵਿਸ਼ਵ ਦੀ ਨੰਬਰ ਇੱਕ ਖਿਡਾਰਨ ਦੀ ਮੌਜੂਦਾ ਰੈਂਕਿੰਗ 373 ਹੈ। ਉਨ੍ਹਾਂ ਇੰਸਟਾਗ੍ਰਾਮ 'ਤੇ ਲਿਖਿਆ ਕਿ ਟੈਨਿਸ ਨੇ ਮੈਨੂੰ ਦੁਨੀਆ ਦਿਖਾਈ ਤੇ ਇਸ ਨੇ ਮੈਨੂੰ ਦਿਖਾਇਆ ਕਿ ਮੈਂ ਕਿਵੇਂ ਬਣੀ ਹਾਂ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ





ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA


CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741



Experienced, Established & Committed
Alliance Legal Services
Professional Corporation



Legal Counsel:
Jack Fireman, Q.C.

ਕੀ ਐਕਸੀਡੈਂਟ ਵਿਚ ਤੁਹਾਡੇ ਸੱਟ ਲੱਗ ਗਈ ਹੈ?



ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
Gursharan (Bobby) Sidhu
President

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
Team of Experienced Lawyers & Paralegals serving the community for more than 10 years.
Free Consultation
For Maximum Benefits, Big Settlement & Excellent Service, Call:
Tel: 416-918-9406, 905-696-7946 Toll Free: 1-877-254-2623
1450 Meyerside Dr., Suite #308, Mississauga, ON. L5T 2N5 Fax: 905-696-7953



ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers
• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ





Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਅਮਰੀਕਾ ਅਤੇ ਤਾਲਿਬਾਨ ਵਿੱਚ ਸ਼ਾਂਤੀ ਸਮਝੌਤਾ ਸਿਰੇ ਚੜ੍ਹਿਆ

ਇਸਲਾਮਾਬਾਦ, 27 ਫਰਵਰੀ, (ਪੋਸਟ ਬਿਊਰੋ)- ਅਮਰੀਕਾ ਅਤੇ ਤਾਲਿਬਾਨ ਵਿਚਾਲੇ ਸ਼ਾਂਤੀ ਸਮਝੌਤਾ ਲੱਗਭਗ ਸਿਰੇ ਲੱਗ ਚੁੱਕਾ ਹੈ। ਅਫ਼ਗਾਨਿਸਤਾਨ ਵਿਚ ਕਰੀਬ ਦੋ ਦਹਾਕਿਆਂ ਤੋਂ ਚੱਲਦੀ ਹਿੰਸਾ ਨੂੰ ਰੋਕਣ ਲਈ ਸ਼ਨਿਚਰਵਾਰ ਨੂੰ ਖਾੜੀ ਦੇ ਦੇਸ਼ ਕਤਰ ਦੀ ਰਾਜਧਾਨੀ ਦੋਹਾ ਵਿਚ ਇਸ ਸਮਝੌਤੇ ਉੱਤੇ ਦਸਖ਼ਤ ਹੋਣਗੇ। ਇਸ ਸਮਝੌਤੇ ਨਾਲ ਅਫ਼ਗਾਨਿਸਤਾਨ ਵਿਚ ਮੌਜੂਦ 14 ਹਜ਼ਾਰ ਅਮਰੀਕੀ ਫ਼ੌਜੀਆਂ ਦੀ ਵਾਪਸੀ ਹੋ ਸਕੇਗੀ।

ਇਸ ਦੌਰਾਨ ਪਤਾ ਲੱਗਾ ਹੈ ਕਿ ਪਾਕਿ-ਸਤਾਨ ਵੀ ਸਮਝੌਤੇ ਦੀ ਇੱਕ ਮੁੱਖ ਧਿਰ ਹੈ। ਪਾਕਿਸਤਾਨੀ ਪ੍ਰਧਾਨ ਮੰਤਰੀ ਇਮ-ਰਾਨ ਖ਼ਾਨ ਅੱਜ ਵੀਰਵਾਰ ਇਸ

*** ਸਮਝੌਤੇ ਉੱਤੇ ਦਸਖਤ ਸ਼ਨੀਵਾਰ ਹੋਣਗੇ**

ਸਮਝੌਤੇ ਦੀਆਂ ਰਸਮਾਂ ਪੂਰੀਆਂ ਕਰਨ ਲਈ ਕਤਰ ਪੁੱਜ ਗਏ। ਦੋਹਾ ਵਿਚ ਕਤਰ ਦੇ ਅਮੀਰ (ਸਰਕਾਰ ਦਾ ਮੁਖੀ) ਸ਼ੇਖ ਤਮੀਮ ਬਿਨ ਹਾਮਦ ਅਲ-ਥਾਨੀ ਨਾਲ ਉਨ੍ਹਾਂ ਦੀ ਮੀਟਿੰਗ ਹੋਈ ਅਤੇ ਇਮਰਾਨ ਦੀ ਪਾਰਟੀ ਤਹਿਰੀਕ-ਏ-ਇਨਸਾਫ਼ ਨੇ ਆਪਣੇ ਆਗੂ ਦੀ ਕਤਰ ਦੇ ਅਮੀਰ ਨਾਲ ਮੁਲਾਕਾਤ ਦਾ ਵੀਡੀਓ ਜਾਰੀ ਕਰਦੇ ਹੋਏ ਟਵੀਟ ਵਿਚ ਇਹ ਸੂਚਨਾ ਦਿੱਤੀ ਹੈ। ਇਸ ਤੋਂ ਪਹਿਲਾ ਪਾਕਿਸਤਾਨ ਵਿਦੇਸ਼ ਵਿਭਾਗ ਨੇ ਇਮ-ਰਾਨ ਖਾਨ ਦੀ ਕਤਰ ਦੌਰੇ ਬਾਰੇ ਕਿਹਾ



ਸੀ ਕਿ ਇਸ ਨਾਲ ਦੋਵਾਂ ਦੇਸ਼ਾਂ ਦੇ ਸਬੰਧ ਮਜ਼ਬੂਤ ਹੋਣਗੇ ਤੇ ਖੇਤਰੀ ਵਿਕਾਸ ਲਈ ਸਹਿਯੋਗ ਵਧੇਗਾ। ਸਾਲ 2018 ਪਿੱਛੋਂ ਇਮਰਾਨ ਖ਼ਾਨ ਦਾ ਪ੍ਰਧਾਨ ਮੰਤਰੀ ਵਜੋਂ ਇਹ ਦੂਸਰਾ ਕਤਰ ਦੌਰਾ ਹੈ। ਕਤਰ ਦੇ ਅਮੀਰ ਜੂਨ 2019 ਵਿਚ ਪਾਕਿਸਤਾਨ ਆਏ ਸਨ ਅਤੇ ਓਦੋਂ ਦੋਵਾਂ ਦੇਸ਼ਾਂ ਵਿਚਕਾਰ ਕਈ ਖੇਤਰਾਂ ਵਿਚ ਨਿਵੇਸ਼ ਦੇ ਸਮਝੌਤੇ ਹੋਏ ਸਨ।

ਅਮਰੀਕਾ ਅਤੇ ਤਾਲਿਬਾਨ ਵਿਚਕਾਰ ਲਗਭਗ ਹੋ ਚੁੱਕੇ ਇਸ ਸ਼ਾਂਤੀ ਸਮਝੌਤੇ ਉੱਤੇ ਸ਼ਨਿਚਰਵਾਰ ਨੂੰ ਦਸਖਤ ਹੋਣ ਦੀ ਪੂਰੀ ਆਸ ਹੈ। ਕਤਰ ਨੇ ਅਫ਼ਗਾਨਿਸਤਾਨ ਵਿਚ ਤਾਲਿਬਾਨ ਸਰਕਾਰ ਨੂੰ ਅਜੇ ਵੀ ਮਾਨਤਾ ਦੇ ਰੱਖੀ ਸੀ ਤੇ ਦੋਹਾ ਵਿਚ ਤਾਲਿਬਾਨ ਦਾ ਰਾਜਨੀਤਕ ਦਫ਼ਤਰ ਕੰਮ ਕਰਦਾ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਕਤਰ ਨੇ ਸ਼ਾਂਤੀ ਸਮਝੌਤੇ ਲਈ ਹੋ ਰਹੇ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਭਾਰਤ ਦੌਰੇ ਸਮੇਂ ਕਿਹਾ ਸੀ ਕਿ ਤਾਲਿਬਾਨ ਨਾਲ ਹੋ ਰਹੇ ਸ਼ਾਂਤੀ ਸਮਝੌਤੇ ਨੂੰ ਭਾਰੀ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਦੀ ਇਹ ਟਿੱਪਣੀ ਅਫ਼ਗਾਨਿਸਤਾਨ ਵਿਚ ਤਾਲਿਬਾਨ ਵੱਲੋਂ ਹਿੰਸਾ ਵਿਚ ਕਮੀ ਹੋਣ ਉੱਤੇ ਆਈ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕੌਨਫਲਿਕਟ ਆਫ ਇੰਟਰਸਟ ਐਕਟ ਦੀ ਟਰੂਡੋ ਵੱਲੋਂ ਕੀਤੀ ਉਲੰਘਣਾ ਦਾ ਅਧਿਐਨ ਐਥਿਕਸ ਕਮੇਟੀ ਵੱਲੋਂ ਕਰਵਾਉਣ ਦੀ ਮੰਗ

ਓਟਵਾ, 27 ਫਰਵਰੀ (ਪੋਸਟ ਬਿਊਰੋ) : ਐਸਐਨਸੀ ਲਾਵਾਲਿਨ ਮਾਮਲੇ ਵਿਚ ਐਥਿਕਸ ਕਮਿਸ਼ਨਰ ਮਾਰੀਓ ਡਿਓਨ ਦੀ ਜਿਸ ਰਿਪੋਰਟ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਫੈਡਰਲ ਕੌਨਫਲਿਕਟ ਆਫ ਇੰਟਰਸਟ ਐਕਟ ਦੀ ਉਲੰਘਣਾਂ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ ਉਸ ਜਾਂਚ ਨੂੰ ਮੁੜ ਸੁਰਜੀਤ ਕਰਨ ਦੀ ਕੰਜ਼ਰਵੇਟਿਵਾਂ ਵਲੋਂ ਮੰਗ ਕੀਤੀ ਜਾ ਰਹੀ ਹੈ।

ਬੁੱਧਵਾਰ ਨੂੰ ਟੋਰੀਜ਼ ਵੱਲੋਂ ਹਾਊਸ ਦੀ ਐਥਿਕਸ ਕਮੇਟੀ ਦੇ ਸਾਹਮਣੇ ਇਹ ਮਤਾ ਪੇਸ਼ ਕੀਤਾ ਗਿਆ। ਇਸ ਮਤੇ ਵਿੱਚ ਡਿਓਨ ਨੂੰ ਸੱਦਾ ਦਿੱਤਾ ਗਿਆ



ਕਿ ਉਹ ਆਪਣੀਆਂ ਲੱਭਤਾਂ ਬਾਰੇ ਦੋ ਘੰਟੇ ਲਈ ਕਮੇਟੀ ਸਾਹਮਣੇ ਪੇਸ਼ ਹੋ ਕੇ ਇਸ ਮੁੱਦੇ ਉੱਤੇ ਰੋਸ਼ਨੀ ਪਾਉਣ। ਇਹ ਵੀ ਆਖਿਆ ਗਿਆ ਕਿ ਲੋੜ ਪੈਣ ਉੱਤੇ ਹੋਰਨਾਂ ਗਵਾਹਾਂ ਨੂੰ ਵੀ ਸੱਦਿਆ ਜਾਵੇ।

ਇਸ ਪ੍ਰਸਤਾਵ ਉੱਤੇ ਅਜੇ ਵੋਟ ਕੀਤਾ ਜਾਣਾ ਬਾਕੀ ਹੈ। ਇਸ ਮਾਮਲੇ ਵਿੱਚ ਭਵਿੱਖ ਦੀ ਮੀਟਿੰਗ ਹੋਣ ਤੱਕ ਬਹਿਸ ਰੋਕ ਦਿੱਤੀ ਗਈ ਹੈ। ਪਰ ਕੰਜ਼ਰਵੇਟਿਵਾਂ ਵੱਲੋਂ ਘੱਟ ਗਿਣਤੀ ਸਰਕਾਰ ਵਿੱਚ ਅਜਿਹਾ ਦੂਜੀ ਵਾਰੀ ਹੋਇਆ ਹੈ ਕਿ ਐਸਐਨਸੀ ਲਾਵਾਲਿਨ ਮਾਮਲੇ ਨੂੰ ਮੁੜ ਸੁਰਜੀਤ ਕੀਤੇ ਜਾਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤਰ੍ਹਾਂ ਦਾ ਹੀ ਇੱਕ ਮਤਾ ਸੋਮਵਾਰ ਨੂੰ ਵੀ ਲਿਆਂਦਾ ਗਿਆ ਸੀ ਪਰ ਉਹ ਅਸਫਲ ਰਿਹਾ। ਬਲਾਕ ਕਿਊਬਿਕੁਆ ਤੇ ਲਿਬਰਲਾਂ ਵੱਲੋਂ ਇਸ ਪ੍ਰਸਤਾਵ ਦਾ ਵਿਰੋਧ ਕੀਤਾ ਜਾ ਰਿਹਾ ਹੈ।


ਹਾਲਾਂਕਿ ਬੁੱਧਵਾਰ ਨੂੰ ਕਮੇਟੀ ਨੇ ਡਿਓਨ ਨੂੰ ਸੱਦਾ ਦੇ ਕੇ ਇਸ ਮਾਮਲੇ ਉੱਤੇ ਹੋਰ ਰੋਸ਼ਨੀ ਪਾਉਣ ਦੀ ਗੱਲ ਉੱਤੇ ਸਹਿਮਤੀ ਪ੍ਰਗਟਾਈ। ਇਸ ਤੋਂ ਤੈਅ ਹੈ ਕਿ ਉਨ੍ਹਾਂ ਦੇ ਕਮੇਟੀ ਸਾਹਮਣੇ ਪੇਸ਼ ਹੋਣ ਉੱਤੇ ਕਈ ਸਵਾਲ ਹੋਰ ਵੀ ਉੱਠਣਗੇ।

# ਭਾਰਤੀ ਮੂਲ ਦੇ ਡਾਕਟਰ ਨੂੰ ਝੂਠੇ ਦੋਸ਼ਾਂ ਹੇਠ ਸੁਣਾਈ ਸਜ਼ਾ ਰੱਦ

ਲੰਡਨ, 27 ਫਰਵਰੀ (ਪੋਸਟ ਬਿਊਰੋ)- ਬਰਮਿੰਘਮ ਵਿੱਚ ਡਾਕਟਰੀ ਪੇਸ਼ੇ ਵਜੋਂ 40 ਸਾਲਾਂ ਤੋਂ ਕੰਮ ਕਰਦੇ ਆਏ ਭਾਰਤੀ ਮੂਲ ਦੇ ਡਾਕਟਰ ਰਾਜੇਸ਼ ਕੁਮਾਰ ਮਹਿਤਾ ਨੂੰ ਛੇੜਛਾੜ ਦੇ ਝੂਠੇ ਦੋਸ਼ਾਂ ਹੇਠ 15 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਸ ਤੋਂ ਬਾਅਦ ਉਨ੍ਹਾਂ 'ਤੇ ਜੀ ਪੀ (ਜਨਰਲ ਪ੍ਰੈਕਟੀਸ਼ਨਰ) ਵੱਜੋਂ ਕੰਮ ਕਰਨ 'ਤੇ ਪਾਬੰਦੀ ਲਾ ਦਿੱਤੀ ਗਈ ਸੀ ਅਤੇ ਉਨ੍ਹਾਂ ਦਾ ਮਈ 2019 ਨੂੰ ਮੈਡੀਕਲ ਰਜਿਸਟਰ 'ਚੋਂ ਨਾਂਅ ਕੱਟ ਦਿੱਤਾ ਗਿਆ ਸੀ।

ਡਾ. ਮਹਿਤਾ ਉੱਤੇ ਦੋਸ਼ ਸਨ ਕਿ ਉਨ੍ਹਾਂ ਨੇ ਇੱਕ ਮਹਿਲਾ ਮਰੀਜ਼, ਜਿਸ ਨੂੰ ਦਿਲ ਦਾ ਦੌਰਾ ਪੈਣ ਦੇ ਲੱਛਣ ਵਿਖਾਈ ਦੇ ਰਹੇ ਸਨ, ਨਾਲ ਛੇੜਛਾੜ ਕੀਤੀ ਤੇ ਉਸ ਤੋਂ ਗ਼ਲਤ ਸਵਾਲ ਪੁੱਛੇ, ਪਰ 13 ਦਸੰਬਰ 2019 ਨੂੰ ਉਸ ਵੇਲੇ ਦੋਸ਼ ਮੁਕਤ ਕਰ ਦਿੱਤਾ ਗਿਆ, ਜਦੋਂ ਮਰੀਜ਼ ਦੇ ਝੂਠ ਬੋਲਣ ਦੇ ਤੱਥ ਸਾਹਮਣੇ ਆਏ। ਡਾ. ਮਹਿਤਾ ਨੂੰ 25 ਫਰਵਰੀ ਨੂੰ ਬਹਾਲ ਕਰ ਕੇ ਡਾਕਟਰੀ ਸੇਵਾਵਾਂ ਦੇਣ ਦੀ ਇਜਾਜ਼ਤ ਦਿੱਤੀ ਗਈ। ਡਾ. ਮਹਿਤਾ ਨੇ ਕਿਹਾ ਕਿ ਉਹ ਬਹੁਤ ਖ਼ੁਸ਼ ਹਨ ਕਿ ਤਿੰਨ ਸਾਲ ਦੀਆਂ ਦਿੱਕਤਾਂ ਤੋਂ ਬਾਅਦ ਉਹ ਬਹਾਲ ਹੋਏ ਅਤੇ ਉਸੇ ਤਰ੍ਹਾਂ ਮਹਿਸੂਸ ਕਰ ਰਹੇ ਹਨ, ਜਿਸ ਤਰ੍ਹਾਂ ਉਨ੍ਹਾਂ 1978 ਵਿੱਚ ਸ਼ੁਰੂਆਤ ਕੀਤੀ ਸੀ। ਉਨ੍ਹਾਂ ਆਪਣੇ ਪਰਵਾਰ ਅਤੇ ਕਾਨੂੰਨੀ ਟੀਮ ਦਾ ਵੀ ਧੰਨਵਾਦ ਕੀਤਾ।

# ਆਕਸੀਜਨ ਤੋਂ ਬਿਨਾਂ ਜਿਊਂਦਾ ਰਹਿ ਸਕਣ ਵਾਲਾ ਪਹਿਲਾ ਅਨੋਖਾ ਜੀਵ ਲੱਭਾ



ਨਿਊ ਯਾਰਕ, 27 ਫਰਵਰੀ (ਪੋਸਟ ਬਿਊਰੋ)- ਵਿਗਿਆਨੀਆਂ ਨੇ ਜੈਲੀਫਿਸ਼ ਵਾਂਗ ਦਿਖਾਈ ਦੇਣ ਵਾਲੇ ਅਜਿਹੇ ਜੀਵ ਦੀ ਖੋਜ ਕੀਤੀ ਹੈ, ਜੋ ਸਾਹ ਨਹੀਂ ਲੈਂਦਾ। ਇਹ ਅਜਿਹਾ ਪਹਿਲਾ ਬਹੁ-ਸੈਲਾਂ ਵਾਲਾ ਜੀਵ ਹੈ, ਜਿਸ ਵਿੱਚ ਮਾਈਟੋਕੋਂਡ੍ਰੀਅਲ ਜੀਨੋਮ ਨਹੀਂ ਹੈ। ਇਹੀ ਕਾਰਨ ਹੈ ਕਿ ਇਸ ਨੂੰ ਜਿਊਂਦੇ ਰਹਿਣ ਲਈ ਆਕਸੀਜਨ ਦੀ ਲੋੜ ਨਹੀਂ।

ਇਨਸਾਨਾਂ ਵਿੱਚ ਮੌਜੂਦ ਸਾਰੇ ਸੈਲਾਂ ਵਿੱਚ ਬਹੁਤ ਗਿਣਤੀ 'ਚ ਮਾਈਟੋਕੋਂਡ੍ਰੀਅਲ ਪਾਇਆ ਜਾਂਦਾ ਹੈ, ਜੋ ਸਾਹ ਲੈਣ ਦੀ ਪ੍ਰਕਿਰਿਆ ਲਈ ਬੇਹੱਦ ਅਹਿਮ ਹੈ। ਇਸ ਨੂੰ ਇਜ਼ਰਾਈਲ ਦੀ ਤਲ ਅਵੀਵ ਯੂਨੀਵਰਸਿਟੀ ਦੇ ਖੋਜਕਾਰਾਂ ਦੀ ਟੀਮ ਨੇ ਖੋਜਿਆ ਹੈ। ਇਸ ਦਾ ਵਿਗਿਆਨਕ ਨਾਂਅ ਹੇਨੀਗੁਯਾ ਸਾਲਮਿਨੀਕੋਲਾ ਹੈ। ਖੋਜ ਦੀ ਪ੍ਰਮੁੱਖ ਡਾਇਨਾ ਯਾਹਲੋਮੀ ਮੁਤਾਬਕ ਇਹ ਇਨਸਾਨਾਂ ਤੇ ਦੂਜੇ ਜੀਵਾਂ ਲਈ ਨੁਕਸਾਨ ਦਾਇਕ ਨਹੀਂ ਹੈ।

ਖੋਜਕਾਰ ਡੋਰੋਥੀ ਹਿਊਚਨ ਮੁਤਾਬਕ ਹਾਲੇ ਵੀ ਇਹ ਭੇਦ ਹੈ ਕਿ ਇਹ ਜੀਵ ਕਿਵੇਂ ਬਣਿਆ। ਇਹ ਸਾਲਮਾਨ ਫਿਸ਼ ਵਿੱਚ ਇੱਕ ਪਰਜੀਵੀ ਦੇ ਤੌਰ 'ਤੇ ਪਾਇਆ ਜਾਂਦਾ ਹੈ। ਮੱਛੀ ਤੋਂ ਊਰਜਾ ਪ੍ਰਾਪਤ ਕਰਦਾ ਹੈ, ਪਰ ਉਸ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ। ਜਦੋਂ ਤੱਕ ਮੱਛੀ ਜ਼ਿੰਦਾ ਰਹਿੰਦੀ ਹੈ, ਇਹ ਵੀ ਉਦੋਂ ਤੱਕ ਜ਼ਿੰਦਾ ਰਹਿੰਦਾ ਹੈ। ਜੀਵ 'ਤੇ ਰਿਸਰਚ ਦੌਰਾਨ ਵਿਗਆਨੀਆਂ ਨੇ ਇਸ ਨੂੰ ਫਲੋਰਸੈਂਟ ਮਾਈਕ੍ਰੋਸਕੋਪ ਨਾਲ ਦੇਖਿਆ। ਇਸ ਦੌਰਾਨ ਹਰੇ ਰੰਗ ਦੇ ਨਿਊਕਲਿਸ ਦਿਸੇ, ਪਰ ਮਾਈਟੋਕੋਂਡ੍ਰੀਅਲ ਡੀ ਐੱਨ ਏ ਨਹੀਂ ਦਿਸਿਆ। ਇੱਕ ਅਜਿਹਾ ਮਾਮਲਾ 2010 ਵਿੱਚ ਸਾਹਮਣੇ ਆਇਆ ਸੀ। ਇਟਲੀ ਦੀ ਪਾਲੀਟੈਕਨਿਕ ਯੂਨੀਵਰਸਿਟੀ ਦੇ ਖੋਜਕਾਰ ਰਾਬਰਟੋ ਡੇਨੋਵੋਰੋ ਨੇ ਇਸ ਨਾਲ ਮਿਲਦਾ ਜੁਲਦਾ ਜੀਵ ਖੋਜਿਆ ਸੀ, ਜਦੋਂ ਉਸ ਨੂੰ ਮਾਈਕ੍ਰੋਸਕੋਪ ਨਾਲ ਦੇਖਿਆ ਗਿਆ ਤਾਂ ਸਾਫ ਤੌਰ 'ਤੇ ਮਾਈਟੋਕੋਂਡ੍ਰੀਅਲ ਦਿਖਾਈ ਨਹੀਂ ਦਿੱਤਾ, ਪਰ ਰਿਸਰਚ ਦੌਰਾਨ ਪਤਾ ਲੱਗਾ ਕਿ ਉਹ ਗਹਿਰੇ ਸਮੁੰਦਰ ਵਿੱਚ ਸਾਲਾਂ ਤੱਕ ਰਹਿ ਸਕਦਾ ਹੈ। ਉਸ ਦੀ ਊਰਜਾ ਦਾ ਸਰੋਤ ਹਾਈਡ੍ਰੋਜਨ ਸਲਫਾਈਡ ਹੈ, ਜਦ ਕਿ ਨਵੇਂ ਮਿਲੇ ਜੀਵ ਨੂੰ ਹਾਈਡ੍ਰੋਜਨ ਸਲਫਾਈਡ ਦੀ ਲੋੜ ਨਹੀਂ ਹੈ।

# ਫੈਡਰਲ ਤੇ ਬੀਸੀ ਮੰਤਰੀਆਂ ਨੇ ਹੈਰੇਡਿਟਰੀ ਚੀਫਜ਼ ਨਾਲ ਸ਼ੁਰੂ ਕੀਤੀ ਗੱਲਬਾਤ



...ਪੰਨਾ 1 ਦਾ ਬਾਕੀ

ਚੀਫਜ਼ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਸਾਡਾ ਮੰਨਣਾ ਹੈ ਕਿ ਅਜਿਹੇ ਹਾਲਾਤ ਕਾਰਨ ਗੱਲਬਾਤ ਲਈ ਜੋ ਮਾਹੌਲ ਚਾਹੀਦਾ ਹੈ ਉਹ ਬਣ ਸਕੇਗਾ ਤੇ ਸਾਡੀ ਗੱਲਬਾਤ ਸਕਾਰ-ਾਤਮਕ ਰਹੇਗੀ। ਚੀਫਜ਼ ਨੇ ਆਖਿਆ ਕਿ ਬੈਨੇਟ ਤੇ ਫਰੇਜ਼ਰ ਨਾਲ ਸਾਡੀ ਮੁਲਾਕਾਤ ਪਹਿਲਾ ਕਦਮ ਹੈ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਬੀਸੀ ਦੇ ਪ੍ਰੀਮੀਅਰ ਜੌਹਨ ਹੌਰਗਨ ਨੇ ਇਨ੍ਹਾਂ ਮੁੱਦਿਆਂ ਉੱਤੇ ਗੱਲ ਕਰਨ ਦਾ ਸੱਦਾ ਕਬੂਲ ਨਹੀਂ ਸੀ ਕੀਤਾ।

ਬੈਨੇਟ ਤੇ ਫਰੇਜ਼ਰ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਇਨ੍ਹਾਂ ਮੀਟਿੰਗਾਂ ਨਾਲ ਵਿਵਾਦ ਤੇ ਮੁਜ਼ਾਹਰੇ ਖਤਮ ਕਰਨ ਦਾ ਮੁੱਢ ਬੱਝੇਗਾ। ਇੰਡੀਜੀਨਸ ਸਰਵਿਸਿਜ਼ ਮੰਤਰੀ ਮਾਰਕ ਮਿਲਰ ਨੇ ਆਖਿਆ ਕਿ ਇਹ ਮੀਟਿੰਗ ਖੁੱਲ੍ਹੀ ਗੱਲਬਾਤ ਤੇ ਸ਼ਾਂਤਮਈ ਹੱਲ ਲਈ ਜਿੱਤ ਹੈ ਪਰ ਇਹ ਤਾਂ ਅਜੇ ਸ਼ੁਰੂਆਤ ਹੈ। ਅਜਿਹੇ ਕਈ ਮੁੱਦੇ ਹਨ ਜਿਨ੍ਹਾਂ ਨੂੰ ਹੱਲ ਕਰਨ ਵਿੱਚ ਸਮਾਂ ਲੱਗੇਗਾ।

# ਬਰੈਂਪਟਨ ਸਿਟੀ ਕਾਊਂਸਲ ਵੱਲੋਂ ਸਾਲ 2020 ਦਾ ਬਜਟ ਸਰਬਸੰਮਤੀ ਨਾਲ ਪਾਸ

...ਪੰਨਾ 1 ਦਾ ਬਾਕੀ

(ਜਿਸ ਵਿੱਚ ਸਟਾਫ ਸੈਲਰੀਜ਼, ਮੇਨਟੇਨੈਂਸ, ਯੂਟਿਲੀਟੀਜ਼, ਰਿਜ਼ਰਵਜ਼ ਉੱਤੇ ਖਰਚ ਹੋਵੇਗਾ) ਤੇ 222 ਮਿਲੀਅਨ ਡਾਲਰ ਬਜਟ ( ਖਰੀਦੋ ਫਰੋਖ਼ਤ, ਮੇਜਰ ਰਿਪੇਅਰ ਤੇ ਸੰਪਤੀ ਦੀ ਅਦਲਾ ਬਦਲੀ, ਸੜਕਾਂ, ਇਮਾਰਤਾਂ ਆਦਿ) ਉੱਤੇ ਖਰਚ ਕੀਤਾ ਜਾਵੇਗਾ।

- ਸਿਟੀ ਦੇ ਬਜਟ ਵਿੱਚ ਸਿਟੀ ਰਿਜ਼ਰਵਜ਼ ਲਈ 110 ਮਿਲੀਅਨ ਡਾਲਰ ਦਾ ਸੱਭ ਤੋਂ ਵੱਡਾ ਸਾਲਾਨਾ ਯੋਗਦਾਨ ਦਿੱਤਾ ਜਾਵੇਗਾ ਤੇ ਸਿਟੀ ਦੀ ਵਿੱਤੀ ਸਥਿਤੀ ਨੂੰ ਮਜ਼ਬੂਤ ਕੀਤਾ ਜਾਵੇਗਾ।
- 2020 ਦੇ ਬਜਟ ਵਿੱਚ ਟਰਾਂਜ਼ਿਟ ਉੱਤੇ 1 ਫੀ ਸਦੀ ਲੈਵੀ ਤੇ ਬੱਸਾਂ, ਸੜਕਾਂ ਤੇ ਚੰਗੇ ਹਾਲਾਤ ਵਾਲੀਆਂ ਫੈਸਿਲੀਟੀਜ਼ ਲਈ ਬੁਨਿਆਦੀ ਢਾਂਚੇ ਲਈ 2 ਫੀ ਸਦੀ ਰਾਖਵੇਂ ਰੱਖੇ ਗਏ ਹਨ।

ਸਿਟੀ ਦਾ ਨਿਰਮਾਣ-ਕੈਪੀਟਲ ਬਜਟ ਦੀਆਂ ਹਾਈਲਾਈਟਜ਼ :

- ਅੱਠ ਇਲੈਕਟ੍ਰਿਕ ਬੱਸਾਂ ਸਮੇਤ 52 ਮਿਲੀਅਨ ਡਾਲਰ ਬੱਸਾਂ ਦੀ ਖਰੀਦ ਲਈ ਰਾਖਵੇਂ ਰੱਖੇ ਗਏ ਹਨ।
- 41 ਮਿਲੀਅਨ ਡਾਲਰ ਸੜਕਾਂ ਤੇ ਟਰਾਂਸਪੋਰਟੇਸ਼ਨ ਉੱਤੇ ਖਰਚਿਆ ਜਾਵੇਗਾ।
- 9.8 ਮਿਲੀਅਨ ਡਾਲਰ ਅਗਲੇ ਤਿੰਨ ਸਾਲਾਂ ਵਿੱਚ ਖੇਡਾਂ ਦੇ ਮੈਦਾਨ, ਟਰੇਲਜ਼ ਆਦਿ ਨੂੰ ਸੁਧਾਰਨ ਲਈ ਖਰਚੇ ਜਾਣਗੇ।
- 2 ਮਿਲੀਅਨ ਡਾਲਰ ਸੈਂਚੁਰੀ ਗਾਰਡਨਜ਼ ਦੇ ਯੂਥ ਸੈਂਟਰਜ਼ ਤੇ ਸਾਊਥ ਫਲੈਚਰ ਦੇ ਰੀਕ੍ਰੀਏਸ਼ਨ ਸੈਂਟਰਜ਼ ਲਈ ਰੱਖੇ ਗਏ ਹਨ।
- 650,000 ਡਾਲਰ ਅਗਲੇ ਤਿੰਨ ਸਾਲਾਂ ਵਿੱਚ ਕਮਿਊਨਿਟੀ ਸੇਫਟੀ ਜੋਨਜ਼ ਵਿੱਚ ਫੋਟੋ ਰਡਾਰ ਲਾਇਆ ਜਾਵੇਗਾ।

# ਦੁਨੀਆ ਦੇ 30 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚ ਭਾਰਤ ਦੇ 21 ਸ਼ਹਿਰ ਵੀ

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਸਾਲ 2019 ਵਿੱਚ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਰਾਜਧਾਨੀਆਂ ਵਾਲੇ ਸ਼ਹਿਰਾਂ ਦੀ ਸੂਚੀ ਵਿੱਚ ਦਿੱਲੀ ਸਿਖਰਲੀ ਥਾਂ ਉੱਤੇ ਹੈ। ਨਵੀਂ ਰਿਪੋਰਟ ਵਿੱਚ ਪ੍ਰਗਟਾਵਾ ਹੋਇਆ ਹੈ ਕਿ ਸੰਸਾਰ ਦੇ ਤੀਹ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 21 ਸ਼ਹਿਰ ਭਾਰਤ ਵਿੱਚ ਹਨ।

ਆਈ ਕਿਊ ਏਅਰ ਵਿਜ਼ੁਅਲ ਵੱਲੋਂ ਤਿਆਰ 2019 ਦੀ ਸੰਸਾਰ ਹਵਾ ਮਿਆਰ ਰਿਪੋਰਟ ਮੁਤਾਬਕ ਦੁਨੀਆ ਵਿੱਚ ਭਾਰਤ ਦਾ ਗਾਜ਼ੀਆਬਾਦ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ। ਇਸ ਤੋਂ ਬਾਅਦ ਚੀਨ ਦੇ ਹੌਤਨ, ਪਾਕਿਸਤਾਨ ਦੇ ਗੁਜਰਾਂਵਾਲਾ ਅਤੇ ਫੈਸਲਾਬਾਦ ਅਤੇ ਫਿਰ ਦਿੱਲੀ ਦਾ ਨਾਂਅ ਆਉਂਦਾ ਹੈ। 21 ਭਾਰਤੀ ਸ਼ਹਿਰਾਂ ਵਿੱਚ ਗਾਜ਼ੀਆਬਾਦ, ਦਿੱਲੀ, ਨੋਇਡਾ, ਗੁਰੂਗਰਾਮ, ਗ੍ਰੇਟਰ ਨੋਇਡਾ, ਬੰਧਵਾਰੀ, ਲਖਨਊ, ਬੁਲੰਦਸ਼ਹਿਰ, ਮੁਜ਼ੱਫਰਨਗਰ, ਬਾਗਪਤ, ਜੀਂਦ, ਫਰੀਦਾਬਾਦ, ਕੋਰੇਤ, ਭਿਵਾੜੀ, ਪਟਨਾ, ਪਲਵਲ, ਮੁਜ਼ੱਫਰਪੁਰ, ਹਿਸਾਰ, ਕੁਟੇਲ, ਜੋਧਪੁਰ ਅਤੇ ਮੁਰਾਦਾਬਾਦ ਸ਼ਾਮਲ ਹਨ। ਦੇਸ਼ਾਂ ਦੇ ਅੰਕੜਿਆਂ ਮੁਤਾਬਕ ਸੂਚੀ ਵਿੱਚ ਬੰਗਲਾ ਦੇਸ਼ ਸਿਖਰ 'ਤੇ ਹੈ, ਫਿਰ ਪਾਕਿਸਤਾਨ, ਮੰਗੋਲੀਆ ਅਤੇ ਅਫਗਾਨਿਸਤਾਨ ਤੇ ਪੰਜਵੇਂ ਨੰਬਰ 'ਤੇ ਭਾਰਤ ਹੈ। ਰਿਪੋਰਟ ਮੁਤਾਬਕ ਭਾਰਤੀ ਸ਼ਹਿਰਾਂ ਨੇ ਪਿਛਲੇ ਸਾਲਾਂ ਵਿੱਚ ਸੁਧਾਰ ਕੀਤਾ ਹੈ।

# ਭਗੌੜੇ ਨੀਰਵ ਮੋਦੀ ਦਾ ਸਾਮਾਨ ਵੇਚ ਕੇ ਵਸੂਲੀ ਹੋਵੇਗੀ

ਮੁੰਬਈ, 27 ਫਰਵਰੀ (ਪੋਸਟ ਬਿਊਰੋ)- ਪੰਜਾਬ ਨੈਸ਼ਨਲ ਬੈਂਕ (ਪੀ ਐਨ ਬੀ) ਘੁਟਾਲੇ ਦੇ ਦੋਸ਼ੀ ਅਤੇ ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੀਆਂ ਕੀਮਤੀ 112 ਜਾਇਦਾਦਾਂ ਲਈ 27 ਫਰਵਰੀ ਤੋਂ ਲਾਈਵ ਅਤੇ ਆਨਲਾਈਨ ਨਿਲਾਮੀ ਹੋਵੇਗੀ। ਇਨ੍ਹਾਂ ਜਾਇਦਾਦਾਂ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਵੱਖ-ਵੱਖ ਬੈਂਕਾਂ ਦੀ ਬਕਾਇਆ ਵਸੂਲੀ ਦੇ ਸਿਲਸਿਲੇ 'ਚ ਜ਼ਬਤ ਕੀਤਾ ਹੈ। ਦੋ ਪੜਾਵਾਂ ਵਿੱਚ ਹੋਣ ਵਾਲੀ ਨਿਲਾਮੀ ਪ੍ਰਕਿਰਿਆ 'ਚ ਨੀਰਵ ਮੋਦੀ ਦੀ ਮਾਲਕੀ ਵਾਲੀਆਂ ਮਹੱਤਵ ਪੂਰਨ ਕਲਾਂਕ੍ਰਿਤੀਆਂ, ਕੀਮਤੀ ਘੜੀਆਂ ਤੇ ਹੈਂਡਬੈਗ ਤੇ ਦੋ ਕਾਰਾਂ ਨੂੰ ਸ਼ਾਮਲ ਕੀਤਾ ਜਾਵੇਗਾ।

ਇਸ ਦੌਰਾਨ ਮਸ਼ਹੂਰ ਕਲਾਕਾਰ ਐਮ ਐਫ ਹੁਸੈਨ ਤੇ ਅੰਮ੍ਰਿਤਾ ਸ਼ੇਰਗਿੱਲ ਦੀ ਪੇਂਟਿੰਗ ਤੇ ਲਗਜਰੀ ਕਾਰਾਂ ਰਾਲਸ ਰਾਇਸ ਘੋਸਟ ਤੇ ਪੋਰਸ਼ ਪਨਾਮਰਾਨ ਵੀ ਨਿਲਾਮ ਕੀਤੀਆਂ ਜਾਣਗੀਆਂ। ਪਹਿਲੀ ਨਿਲਾਮੀ ਸੈਫਰਨ ਆਰਟ ਨਾਮੀ ਕੰਪਨੀ ਵੱਲੋਂ ਸਪਰਿੰਗ ਲਾਈਵ ਆਕਸ਼ਨ 'ਚ ਕੀਤੀ ਜਾਵੇਗੀ। ਇਸ ਤੋਂ ਅਗਲੇ ਪੜਾਅ 'ਚ ਸਪਰਿੰਗ ਆਨਲਾਈਨ ਆਕਸ਼ਨ 3-4 ਮਾਰਚ ਨੂੰ ਹੋਵੇਗੀ। ਜਿਨ੍ਹਾਂ ਪੇਂਟਿੰਗਾਂ ਦੀ ਨਿਲਾਮੀ ਹੋਣੀ ਹੈ ਉਨ੍ਹਾਂ ਵਿੱਚ ਸ਼ੇਰਗਿੱਲ ਦੀ 'ਬਵਾਜ਼ ਵਿਦ ਲੇਮੰਸ' ਤੇ 'ਬੈਟਲ ਆਫ ਗੰਗਾ ਐਂਡ ਯਮੁਨਾ ਮਹਾਭਾਰਤ 12' ਸ਼ਾਮਲ ਹਨ। ਅੰਮ੍ਰਿਤਾ ਸ਼ੇਰਗਿੱਲ ਨੇ ਆਪਣੀ ਮਸ਼ਹੂਰ ਪੇਂਟਿੰਗ ਸਾਲ 1935 ਵਿੱਚ ਬਣਾਈ ਸੀ, ਜਦ ਕਿ ਹੁਸੈਨ ਦੀ ਕਲਾਕ੍ਰਿਤੀ ਸਾਲ 1972 ਦੀ ਹੈ। ਮੰਨਿਆ ਜਾ ਰਿਹਾ ਹੈ ਕਿ ਦੋਵੇਂ ਹੀ ਪੇਂਟਿੰਗ ਦੀ 12-18 ਕਰੋੜ ਰੁਪਏ ਤੱਕ ਬੋਲੀ ਲੱਗ ਸਕਦੀ ਹੈ। ਸ਼ੇਰਗਿੱਲ ਦੀ ਪੇਂਟਿੰਗ ਨੂੰ ਪਹਿਲੀ ਵਾਰ ਜਨਤਕ ਬੋਲੀ ਲਈ ਰੱਖਿਆ ਜਾ ਰਿਹਾ ਹੈ। ਇਸ ਤਰ੍ਹਾਂ ਵੀ ਐਸ ਗਾਇਤੋਂਡੇ ਦੀ ਬੇਨਾਮ ਪੇਂਟਿੰਗ ਤੋਂ ਸੱਤ-ਨੌਂ ਕਰੋੜ ਰੁਪਏ ਮਿਲ ਸਕਦੇ ਹਨ, ਜਿਸ ਨੂੰ ਉਨ੍ਹਾਂ ਨੇ ਸਾਲ 1972 ਵਿੱਚ ਬਣਾਇਆ ਸੀ। ਸਾਲ 1992 ਵਿੱਚ ਬਣਾਈ ਗਈ ਮਨਜੀਤ ਬਾਵਾ ਦੀ ਭਗਵਾਨ ਕ੍ਰਿਸ਼ਨ ਦੀ ਪੇਂਟਿੰਗ ਨੂੰ ਤਿੰਨ ਤੋਂ ਪੰਜ ਕਰੋੜ ਰੁਪਏ ਮਿਲਣ ਦੀ ਆਸ ਹੈ। ਰਾਜਾ ਰਵੀ ਵਰਮਾ ਦੀ ਇੱਕ ਬੇਨਾਮ ਪੇਂਟਿੰਗ ਦੀ ਦੋ-ਤਿੰਨ ਕਰੋੜ ਅਤੇ ਸਾਲ 1996 ਵਿੱਚ ਬਣਾਈ ਗਈ ਅਰਪਿਤਾ ਸਿੰਘ ਦੀ 'ਟਵੈਂਟੀ ਸੇਵਨ ਡਕਸ ਆਫ ਮੈਮੋਰੀ' ਦੀ 1.20-1.80 ਕਰੋੜ ਰੁਪਏ ਦੀ ਬੋਲੀ ਲੱਗ ਸਕਦੀ ਹੈ। ਗਣੇਸ਼ ਪਾਈਨ, ਕੇਕੇ ਹੈਂਬਾਰ, ਵਿਸ਼ਵਨਾਥ ਨਾਗੇਸ਼ਕਰ, ਸੁਧਾਂਸ਼ੂ ਚੌਧਰੀ ਤੇ ਸ਼ਾਨ ਭਟਨਾਗਰ ਦੀ ਪੇਂਟਿੰਗ ਦੀ ਬੋਲੀ ਕਰੋੜ ਰੁਪਏ ਤੱਕ ਹੋ ਸਕਦੀ ਹੈ।

ਰਾਲਸ ਰਾਇਸ ਘੋਸਟ ਕਾਰ ਨੂੰ ਲਾਈਵ ਨਿਲਾਮੀ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਵਿੱਚ ਕਈ ਵਿਸ਼ੇਸ਼ ਫੀਚਰ, ਅਤਿ ਆਧੁਨਿਕ ਤਕਨੀਕ ਤੇ ਆਰਾਮਦਾਇਕ ਸਹੂਲਤ ਉਪਲਬੱਧ ਹੈ। ਇਸ ਦੀ ਬੋਲੀ 75-95 ਲੱਖ ਤੱਕ ਲੱਗ ਸਕਦੀ ਹੈ। ਇਸੇ ਤਰ੍ਹਾਂ ਸਾਲ 2010 ਮਾਡਲ ਪੋਰਸ਼ ਪਨਾਮਰਾ ਲਈ 10-15 ਲੱਖ ਰੁਪਏ ਮਿਲ ਸਕਦੇ ਹਨ। ਇਸ ਤੋਂ ਇਲਾਵਾ ਕਰੋੜਾਂ ਰੁਪਏ ਦੀ ਦੋ ਦਰਜਨ ਲਗਜਰੀ ਸਮੱਗਰੀ ਦੀ ਨਿਲਾਮੀ ਕੀਤੀ ਜਾਵੇਗੀ। ਏਯਗਰ-ਲਾ-ਕੋਟ ਮੈਂਸ ਦੀ 'ਰਿਵਰਸੋ ਗਿਰੋਟੋਰਿਬਲਨ 2' ਲਿਮਟਿਡ ਐਡੀਸ਼ਨ ਤੇ ਪਟੇਕ ਫਿਲਿਪ ਨਾਟੀਲਸ ਗੋਲਡ ਐਂਡ ਡਾਇਮੰਡ ਘੜੀ ਦੀ ਨਿਲਾਮੀ ਤੋਂ 55-70 ਲੱਖ ਰੁਪਏ ਮਿਲਣ ਦੀ ਆਸ ਹੈ। ਨਿਲਾਮੀ 'ਚ ਕਈ ਵੱਡੇ ਬ੍ਰਾਂਡਾਂ ਦੇ ਹੈਂਡਬੈਗ ਵੀ ਹੋਣਗੇ। ਇਨ੍ਹਾਂ ਦੀ ਕੀਮਤ 3-6 ਲੱਖ ਰੁਪਏ ਹੈ। ਇਸ ਤੋਂ ਇਲਾਵਾ ਨੀਰਵ ਦੇ ਕੀਮਤੀ ਸਾਮਾਨ ਦੇ ਨਿੱਜੀ ਸੰਗ੍ਰਹਿ ਨੂੰ ਵੀ ਨਿਲਾਮ ਕੀਤਾ ਜਾਵੇਗਾ।


















# ਦਿੱਲੀ ਵਿੱਚ ਦੰਗੇ, ਅਦਾਲਤਾਂ ਵੀ ਜਵਾਬਦੇਹ

-ਵਿਰਾਗ ਗੁਪਤਾ-

ਕਈ ਸਾਲਾਂ ਦੀ ਅਦਾਲਤੀ ਲੜਾਈ ਪਿੱਛੋਂ ਅਯੁੱਧਿਆ ਵਿਵਾਦ ਖਤਮ ਹੋਣ ਤੋਂ ਬਾਅਦ ਸ਼ਾਨਦਾਰ ਰਾਮ ਮੰਦਰ ਦੇ ਨਿਰਮਾਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ, ਪਰ ਨਾਗਰਿਕਤਾ ਦੇ ਸਵਾਲ 'ਤੇ ਅਸਲ ਹਾਲਾਤ ਸਮਝਣ ਤੇ ਸਮਝਾਉਣ ਲਈ ਸਰਕਾਰ ਅਤੇ ਵਿਰੋਧੀ ਧਿਰ ਦੋਵੇਂ ਤਿਆਰ ਨਹੀਂ ਹਨ ਅਤੇ ਇਸ ਦੀ ਮਾਰ ਆਮ ਜਨਤਾ ਨੂੰ ਝੱਲਣੀ ਪੈ ਰਹੀ ਹੈ।

ਨਾਗਰਿਕਤਾ ਦੇ ਮੁੱਦੇ 'ਤੇ ਹੋ ਰਹੇ ਧਰੁਵੀਕਰਨ ਨਾਲ ਸਾਰੀਆਂ ਪਾਰਟੀਆਂ ਨੂੰ ਆਪਣਾ ਚੋਣ ਨਫਾ-ਨੁਕਸਾਨ ਨਜ਼ਰ ਆ ਰਿਹਾ ਹੈ। ਇਸ ਕਾਰਨ ਸੂਬਾ ਜਾਂ ਕੇਂਦਰ ਸਰਕਾਰ ਵੱਲੋਂ ਠੋਸ ਕਾਰਵਾਈ ਦੀ ਥਾਂ ਅਦਾਲਤ ਦੇ ਮੋਢੇ 'ਤੇ ਬੰਦੂਕ ਰੱਖ ਦਿੱਤੀ ਗਈ ਹੈ। 'ਯਥਾ ਰਾਜਾ ਤਥਾ ਪ੍ਰਜਾ', ਸਰਕਾਰ, ਵਿਧਾਨ ਸਭਾ ਤੇ ਅਦਾਲਤਾਂ 'ਚੋਂ ਉੱਠੇ ਭੰਬਲਭੂਸੇ ਅਤੇ ਅਰਾਜਕਤਾ ਦਾ ਲਾਭ ਦੂਜੇ ਦਰਜੇ ਦੇ ਨੇਤਾਵਾਂ ਨੇ ਲੈਣਾ ਸ਼ੁਰੂ ਕਰ ਦਿੱਤਾ, ਜਿਸ ਦਾ ਨਤੀਜਾ ਭਾਰੀ ਹਿੰਸਾ ਅਤੇ ਦੰਗਿਆਂ ਨਾਲ ਹੋਇਆ। ਅਮਰੀਕੀ ਰਾਸ਼ਟਰਪਤੀ ਟਰੰਪ ਦੀ ਯਾਤਰਾ ਨਾਲ ਭਾਰਤ ਦੀ ਅਰਥ ਵਿਵਸਥਾ ਨੂੰ ਜਿੰਨਾ ਲਾਭ ਹੋਵੇਗਾ, ਉਸ ਤੋਂ ਜ਼ਿਆਦਾ ਨੁਕਸਾਨ ਤਾਂ ਨਾਗਰਿਕਤਾ ਵਿਰੋਧੀ ਅੰਦੋਲਨਾਂ ਅਤੇ ਦੰਗਿਆਂ ਨਾਲ ਦੇਸ਼ ਨੂੰ ਹੋ ਰਿਹਾ ਹੈ।

ਸੰਵਿਧਾਨ ਅਨੁਸਾਰ ਕਾਨੂੰਨ ਵਿਵਸਥਾ ਅਤੇ ਦਿੱਲੀ ਪੁਲਸ 'ਤੇ ਕੇਂਦਰ ਸਰਕਾਰ ਦਾ ਅਧਿਕਾਰ ਹੈ। ਧਰਨਿਆਂ ਅਤੇ ਵਿਰੋਧ ਪ੍ਰਦਰਸ਼ਨਾਂ ਨਾਲ ਨਜਿੱਠਣ ਲਈ ਆਈ ਪੀ ਸੀ ਅਤੇ ਸੀ ਆਰ ਪੀ ਸੀ ਦੀਆਂ ਵਿਵਸਥਾਵਾਂ ਦੀ ਦਵਾਈ ਪੁਲਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਟਰੇਨਿੰਗ ਦੇ ਸ਼ੁਰੂਆਤੀ ਦੌਰ 'ਚ ਪਿਲਾ ਦਿੱਤੀ ਜਾਂਦੀ ਹੈ, ਫਿਰ ਵੀ ਸ਼ਾਹੀਨ ਬਾਗ ਅਤੇ ਹੋਰ ਧਰਨੇ ਪ੍ਰਦਰਸ਼ਨਾਂ ਨੂੰ ਖਤਮ ਕਰਨ ਵਿੱਚ ਦਿੱਲੀ ਪੁਲਸ ਦੇ ਨਾਲ ਖੁਫੀਆ ਵਿਭਾਗ ਵੀ ਪੂਰੀ ਤਰ੍ਹਾਂ ਨਾਕਾਮ ਰਹੇ। ਸੀ ਆਰ ਪੀ ਸੀ ਦੇ ਤਹਿਤ ਐਗਜ਼ੀਕਿਊਟਿਵ ਮੈਜਿਸਟਰੇਟਾਂ ਨੂੰ ਵੀ ਫੌਜ ਬੁਲਾਉਣ ਸਮੇਤ ਕਈ ਅਧਿਕਾਰ ਦਿੱਤੇ ਗਏ ਹਨ, ਜਿਨ੍ਹਾਂ 'ਤੇ ਕੇਜਰੀਵਾਲ ਸਰਕਾਰ ਦਾ ਕੰਟਰੋਲ ਹੈ। ਸਵਾਲ ਇਹ ਹੈ ਕਿ ਦਿੱਲੀ 'ਚ ਵੱਡੇ ਬਹੁਮਤ ਨਾਲ ਸਰਕਾਰ ਬਣਾਉਣ ਵਾਲੇ ਕੇਜਰੀਵਾਲ ਇਸ ਮੁੱਦੇ 'ਤੇ ਪੱਤਰ ਲਿਖ ਕੇ ਗਾਂਧੀ ਦੇ ਆਦਰਸ਼ਾਂ ਦਾ ਸਹੀ ਅਰਥਾਂ ਵਿੱਚ ਪਾਲਣ ਕਿਉਂ ਨਹੀਂ ਕਰਦੇ?

ਦਿੱਲੀ 'ਚ ਗਵਰਨੈਂਸ ਦੇ ਨਾਂਅ ਉੱਤੇ ਆਮ ਆਦਮੀ ਪਾਰਟੀ ਨੂੰ, ਕੇਂਦਰ 'ਚ ਰਾਸ਼ਟਰਵਾਦ ਦੇ ਨਾਂਅ 'ਤੇ ਭਾਜਪਾ ਨੂੰ ਵਿਸ਼ਾਲ ਬਹੁਮਤ ਮਿਲਿਆ ਹੈ। ਭਾਜਪਾ ਦੇ ਐਲਾਨ ਪੱਤਰ ਵਿੱਚ ਐੱਨ ਆਰ ਸੀ ਅਤੇ ਸੀ ਏ ਏ ਦਾ ਬਿਓਰਾ ਦਿੱਤਾ ਗਿਆ ਸੀ। ਇਸ ਤੋਂ ਬਾਅਦ ਪਾਰਲੀਮੈਂਟ 'ਚ ਲੋਕਤੰਤਰੀ ਢੰਗ ਨਾਲ ਇਸ ਬਾਰੇ ਕਾਨੂੰਨ ਪਾਸ ਕਰਨ ਨੂੰ ਗਲਤ ਨਹੀਂ ਮੰਨਿਆ ਜਾ ਸਕਦਾ। ਪਾਰਲੀਮੈਂਟ ਵੱਲੋਂ ਬਣਾਏ ਕਾਨੂੰਨ ਦੀ ਪਾਲਣਾ ਕਰਨਾ ਰਾਜਾਂ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ, ਫਿਰ ਵੀ ਕਈ ਰਾਜਾਂ ਨੇ ਵਿਧਾਨ ਸਭਾ 'ਚ ਵਿਰੋਧ ਮਤੇ ਪਾਸ ਕਰ ਕੇ ਸੰਵਿਧਾਨਕ ਸੰਕਟ ਬਣਾ ਦਿੱਤਾ ਹੈ। ਅਰਾਜਕਤਾ ਦੀ ਇਸ ਦੌੜ 'ਚ ਸ਼ਾਮਲ ਹੋ ਕੇ ਸੱਤਾਧਾਰੀ ਪਾਰਟੀ ਭਾਜਪਾ ਨੇ ਗੁਜਰਾਤ ਵਿਧਾਨ ਸਭਾ ਵਿੱਚ ਨਾਗਰਿਕਤਾ ਕਾਨੂੰਨ ਦੇ ਹੱਕ ਵਿੱਚ ਮਤਾ ਪਾਸ ਕਰਵਾ ਦਿੱਤਾ। ਨਾਗਰਿਕਤਾ ਕਾਨੂੰਨ ਦੇ ਵਿਰੋਧ ਵਿੱਚ ਮਤਾ ਪਾਸ ਕਰਨਾ ਗਲਤ ਹੈ ਤਾਂ ਸਮਰਥਨ ਵਿੱਚ ਮਤਾ ਪਾਸ ਕਰਨਾ ਵੀ ਓਨਾ ਹੀ ਗਲਤ ਹੈ। ਦੋ ਮਹੀਨੇ ਪਹਿਲਾਂ ਪਾਰਲੀਮੈਂਟ ਵੱਲੋਂ ਨਾਗਰਿਕਤਾ ਕਾਨੂੰਨ ਪਾਸ ਕਰਨ ਤੋਂ ਬਾਅਦ ਤੋਂ ਅਦਾਲਤਾਂ ਵਿੱਚ ਮੁਕੱਦਮੇਬਾਜ਼ੀ ਦਾ ਹੜ੍ਹ ਆ ਗਿਆ। ਸੀ ਏ ਏ ਮਾਮਲੇ ਦੀ ਸੁਣਵਾਈ ਫਿਲਹਾਲ ਸੁਪਰੀਮ ਕੋਰਟ ਦੇ ਚੀਫ ਜਸਟਿਸ ਬੈਂਚ ਵੱਲੋਂ ਕੀਤੀ ਜਾ ਰਹੀ ਹੈ। ਆਖਰ ਵਿੱਚ ਇਸ ਮਾਮਲੇ ਦੀ ਸੁਣਵਾਈ ਸੰਵਿਧਾਨਕ ਬੈਂਚ ਜਾਂ ਵੱਡੇ ਬੈਂਚ ਵਲੋਂ ਹੀ ਕੀਤੀ ਜਾਵੇਗੀ, ਪਰ ਅਜਿਹੇ ਕਿਸੇ ਬੈਂਚ ਦਾ ਅਜੇ ਤੱਕ ਗਠਨ ਨਹੀਂ ਹੋਇਆ।

ਨਿਰਭੈਆ ਅਤੇ ਰਾਮ ਮੰਦਰ ਕੇਸ ਵਿੱਚ ਵੱਡਾ ਬੈਂਚ ਬਣਾਉਣ 'ਚ ਕਈ ਸਾਲ ਲੱਗ ਗਏ, ਜਿਸ ਕਾਰਨ ਕੇਸਾਂ ਦੇ ਨਿਪਟਾਰੇ 'ਚ ਬਿਨਾਂ ਕਾਰਨ ਦੇਰ ਹੋਈ। ਸੁਪਰੀਮ ਕੋਰਟ ਨੇ ਮਾਮਲੇ ਦੀ ਤੁਰੰਤ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਅਤੇ ਫਿਰ ਇੱਕ ਬੱਚੀ ਦੇ ਪੱਤਰ ਉਤੇ 'ਸੁਓਮੋਟੋ' ਨੋਟਿਸ ਲੈ ਲਿਆ। ਧਰਨੇ ਨੂੰ ਖਤਮ ਕਰਨ ਲਈ ਨਿਆਇਕ ਹੁਕਮ ਦੇਣ ਦੀ ਥਾਂ ਵਾਰਤਾਕਾਰਾਂ ਦੀ ਨਿਯੁਕਤੀ ਕਰਨ ਨਾਲ ਇੱਕ ਗਲਤ ਪ੍ਰੰਪਰਾ ਸ਼ੁਰੂ ਹੋਈ। ਬਹੁਤੇ ਵਾਰਤਾਕਾਰ ਨਾਗਰਿਕਤਾ ਕਾਨੂੰਨ ਦੇ ਵਿਰੋਧੀ ਹਨ। ਉਨ੍ਹਾਂ 'ਚੋਂ ਕੁਝ ਲੋਕਾਂ ਨੇ ਹਾਈ ਕੋਰਟ ਤੇ ਸੁਪਰੀਮ ਕੋਰਟ 'ਚ ਪਟੀਸ਼ਨਾਂ ਦਾਇਰ ਕੀਤੀਆਂ ਹਨ। ਸਿਹਤਮੰਦ ਕਾਨੂੰਨੀ ਪ੍ਰਕਿਰਿਆ ਅਨੁਸਾਰ ਕਿਸੇ ਵੀ ਧਿਰ ਨਾਲ ਜੁੜੇ ਲੋਕਾਂ ਨੂੰ ਨਿਰਪੱਖ ਵਾਰਤਾਕਾਰ ਕਿਵੇਂ ਬਣਾਇਆ ਜਾ ਸਕਦਾ ਹੈ। ਧਰਨੇ ਨੂੰ ਖਤਮ ਕਰਨ ਦੀ ਬਜਾਏ ਵਾਰਤਾਕਾਰਾਂ ਵੱਲੋਂ ਪ੍ਰਦਰਸ਼ਨਕਾਰੀਆਂ ਨੂੰ ਸੁਰੱਖਿਆ ਦੇਣ ਦੀ ਮੰਗ ਨਾਲ ਦੇਸ਼ 'ਚ ਸੰਗਠਿਤ ਅਰਾਜਕਤਾ ਦੀ ਸਥਿਤੀ ਬਣਨਾ ਦੁਖਦਾਇੱਕ ਹੈ।



ਅਖੀਰ ਗੱਲ ਇਹ ਹੈ ਕਿ ਸ਼ਾਹੀਨ ਬਾਗ 'ਚ ਦੋ ਮਹੀਨਿਆਂ ਤੋਂ ਚੱਲ ਰਿਹਾ ਧਰਨਾ ਪ੍ਰਦਰਸ਼ਨ ਬਿਨਾਂ ਸ਼ੱਕ ਗੈਰ ਕਾਨੂੰਨੀ ਹੈ, ਜਿਸ ਦੇ ਵਿਰੁੱਧ ਕਾਰਵਾਈ ਕਰਨ 'ਚ ਸੂਬਾ ਤੇ ਕੇਂਦਰ ਸਰਕਾਰ ਦੇ ਨਾਲ ਸੁਪਰੀਮ ਕੋਰਟ ਵੀ ਨਾ ਕਾਮ ਰਹੀ ਹੈ। ਸਰਬ ਉਚ ਅਦਾਲਤ ਵੱਲੋਂ ਸਪੱਸ਼ਟ ਅਤੇ ਅਸਰਦਾਰ ਹੁਕਮ ਪਾਸ ਕਰਨ ਦੀ ਬਜਾਏ ਮਾਮਲੇ ਨੂੰ ਗੋਲ ਮੋਲ ਘੁਮਾਉਣ ਨਾਲ ਪੂਰੀ ਨਿਆਂ ਵਿਵਸਥਾ ਦਾ ਰਸੂਖ ਘੱਟ ਹੋ ਰਿਹਾ ਹੈ। ਕੋਰਟ ਦੇ ਪੱਲਾ ਚਾੜ੍ਹਨ ਤੋਂ ਬਾਅਦ ਜ਼ਿਲਾ ਅਦਾਲਤਾਂ ਅਤੇ ਹਾਈ ਕੋਰਟ 'ਚ ਇਸ ਨਾਲ ਸੰਬੰਧਤ ਕਈ ਕੇਸਾਂ ਦੀ ਸਮਾਨਾਂਤਰ ਸੁਣਵਾਈ ਸ਼ੁਰੂ ਹੋ ਗਈ। ਵਿਰੋਧੀ ਹੁਕਮਾਂ ਨਾਲ ਇਹ ਸਮਝ 'ਚ ਨਹੀਂ ਆ ਰਿਹਾ ਕਿ ਅਦਾਲਤਾਂ ਦੀ ਕਾਰਵਾਈ ਕਾਨੂੰਨੀ ਵਿਵਸਥਾ ਨਾਲ ਚੱਲਦੀ ਹੈ ਜਾਂ ਸਿਆਸੀ ਰੁਝਾਨਾਂ ਨਾਲ? ਕਈ ਮਹੀਨਿਆਂ ਦੀ ਨਿਆਇਕ ਚੁੱਪੀ ਤੋਂ ਬਾਅਦ ਜਦ ਹਿੰਸਾ ਅਤੇ ਦੰਗਾ ਵਧ ਗਿਆ ਤਾਂ ਰਾਤੋ-ਰਾਤ ਦਿੱਲੀ ਹਾਈ ਕੋਰਟ ਦੇ ਜੱਜ ਦੇ ਘਰ 'ਚ ਸੁਣਵਾਈ ਵਿੱਚ ਕਈ ਹੁਕਮ ਵੀ ਪਾਸ ਹੋ ਗਏ। ਇਸ ਖਿੱਚ ਧੂਹ ਵਿੱਚ ਕਈ ਹੋਰ ਹਾਈ ਕੋਰਟਾਂ ਨੇ ਵੀ ਇੱਕ ਦੂਜੇ ਦੇ ਵਿਰੋਧੀ ਹੁਕਮ ਪਾਸ ਕੀਤੇ ਹਨ। ਧਾਰਾ 144 ਦੀ ਉਲੰਘਣਾ 'ਤੇ ਉਤਰ ਪ੍ਰਦੇਸ਼ ਸਰਕਾਰ ਦੰਗਾਕਾਰੀਆਂ ਨੂੰ ਸਜ਼ਾ ਦਗੇਣ ਦੇ ਨਾਲ ਉਨ੍ਹਾਂ ਤੋਂ ਵਸੂਲੀ ਦੀ ਕਾਰਵਾਈ ਕਰ ਰਹੀ ਹੈ। ਦੂਜੇ ਪਾਸੇ ਕਰਨਾਟਕ ਹਾਈ ਕੋਰਟ ਨੇ ਧਾਰਾ 144 ਦੀ ਵਰਤੋਂ ਦੀ ਆਲੋਚਨਾ ਕਰ ਦਿੱਤੀ।

ਸੱਤਾਧਾਰੀ ਪਾਰਟੀ ਦੇ ਨੇਤਾ ਵਿਰੋਧੀ ਪ੍ਰਦਰਸ਼ਨਾਂ ਨੂੰ ਦੇਸ਼ ਧਰੋਹ ਦੱਸਦੇ ਹਨ ਤਾਂ ਬਾਂਬੇ ਤੇ ਤੇਲੰਗਾਨਾ ਹਾਈ ਕੋਰਟਾਂ ਨੇ ਪ੍ਰਦਰਸ਼ਨਾਂ ਨੂੰ ਜਾਇਜ਼ ਕਰਾਰ ਦਿੱਤਾ ਹੈ। ਤ੍ਰਿਪੁਰਾ ਹਾਈਕੋਰਟ ਨੇ ਇੱਕ ਕਦਮ ਅੱਗੇ ਜਾ ਕੇ ਸਰਕਾਰੀ ਕਰਮਚਾਰੀਆਂ ਨੂੰ ਵੀ ਸਿਆਸੀ ਵਿਰੋਧ ਪ੍ਰਦਰਸ਼ਨ 'ਚ ਹਿੱਸਾ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ ਜਾਮੀਆ ਮਿਲੀਆ ਕੇਸਾਂ ਵਿੱਚ ਪੁਲਸ ਤੋਂ ਪੀੜਤ ਵਿਦਿਆਰਥੀਆਂ ਨੇ ਮੁਆਵਜ਼ੇ ਦੀ ਮੰਗ ਕੀਤੀ ਹੈ। ਨਾਗਰਿਕਤਾ ਕੇਸ 'ਤੇ ਫੈਸਲਾਕੁੰਨ ਫੈਸਲਾ ਨਾ ਕਰਨ ਦੇ ਨਤੀਜੇ ਵਜੋਂ ਕਈ ਕੇਸਾਂ ਦੇ ਹੜ੍ਹ ਨਾਲ ਪੁਲਸ ਤੇ ਅਦਾਲਤਾਂ 'ਤੇ ਬੋਝ ਵਧਣਾ ਸਮਾਜ ਲਈ ਚੰਗਾ ਨਹੀਂ ਹੈ। ਕਾਨੂੰਨ ਵੱਲੋਂ ਸਥਾਪਤ ਵਿਵਸਥਾ ਨੂੰ ਨਾ ਮੰਨਣ ਵਾਲੇ ਅਧਿਕਾਰੀਆਂ ਨੂੰ ਸਜ਼ਾ ਦੇਣ ਦੀ ਬਜਾਏ ਹਾਈ ਕੋਰਟ ਅਤੇ ਸੁਪਰੀਮ ਕੋਰਟ ਵੱਲੋਂ ਖੁਦ ਦਰੋਗਾ ਬਣਨ ਨਾਲ ਸਮੱਸਿਆ ਹੋਰ ਵੀ ਗੁੰਝਲਦਾਰ ਹੋ ਰਹੀ ਹੈ।

ਕਾਨੂੰਨ ਦੀ ਵਿਆਖਿਆ ਦੀ ਜ਼ਿੰਮੇਵਾਰੀ ਅਦਾਲਤਾਂ ਉੱਤੇ ਤਾਂ ਕਾਨੂੰਨ ਦਾ ਸ਼ਾਸਨ ਲਾਗੂ ਕਰਨ ਦੀ ਜ਼ਿੰਮੇਵਾਰੀ ਪੁਲਸ ਤੇ ਸਰਕਾਰੀ ਅਧਿਕਾਰੀਆਂ ਦੀ ਹੈ। ਭਾਜਪਾ ਜਾਂ ਵਿਰੋਧੀ ਧਿਰ ਦੀ ਅਗਵਾਈ ਵਾਲਾ ਕੋਈ ਸੂਬਾ ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਪੁਲਸ ਵਿੱਚ ਸੁਧਾਰ ਕਰਨ ਲਈ ਰਾਜ਼ੀ ਨਹੀਂ, ਜਿਸ ਕਾਰਨ ਕਾਨੂੰਨ ਦਾ ਰਾਜ ਸਿਆਸੀ ਨੇਤਾਵਾਂ ਦੀ ਮਰਜ਼ੀ 'ਤੇ ਨਿਰਭਰ ਹੈ। ਸਰਕਾਰ ਵੱਲੋਂ ਟੁਕੜੇ-ਟੁਕੜੇ ਗੈਂਗ ਦੇ ਮੈਂਬਰਾਂ ਵਿਰੁੱਧ ਦਰਜ ਕੇਸਾਂ 'ਤੇ ਅਦਾਲਤਾਂ ਨੇ ਲੰਬੇ ਹੁਕਮਾਂ ਨਾਲ ਜ਼ਮਾਨਤ ਦੇ ਦਿੱਤੀ। ਹਕੀਕਤ ਇਹ ਹੈ ਕਿ ਆਰ ਟੀ ਆਈ ਵਿੱਚ ਸਰਕਾਰ ਨੇ ਮੰਨਿਆ ਹੈ ਕਿ ਟੁਕੜੇ-ਟੁਕੜੇ ਗੈਂਗ ਨਾਂਅ ਦਾ ਕੋਈ ਸੰਗਠਨ ਨਹੀਂ ਹੈ। ਭਾਰਤੀ ਸੰਵਿਧਾਨ 'ਚ ਸਰਕਾਰ, ਪਾਰਲੀਮੈਂਟ ਅਤੇ ਸੁਪਰੀਮ ਕੋਰਟ ਦੀਆਂ ਹੱਦਾਂ ਦੱਸੀਆਂ ਹੋਈਆਂ ਹਨ, ਇਸ ਦੇ ਬਾਵਜੂਦ ਇੱਕ ਦੂਜੇ ਦੇ ਅਧਿਕਾਰ ਖੇਤਰਾਂ ਵਿੱਚ ਦਖਲ ਨਾਲ ਅਰਾਜਕਤਾ ਵਧਦੀ ਹੈ। ਭਾਰਤ 'ਚ ਗੈਰ ਕਾਨੂੰਨੀ ਵਿਵਸਥਾ ਨੂੰ ਨਿਆਂ ਪੂਰਨ ਢੰਗ ਨਾਲ ਲਾਗੂ ਕਰਨ ਦੀ ਥਾਂ ਹਰ ਗੱਲ ਵਿੱਚ ਹਾਈ ਕੋਰਟ ਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਦਾ ਫੈਸ਼ਨ ਵਧ ਗਿਆ ਤਾਂ ਢਾਂਚੇ ਦੇ ਡਿੱਗਣ ਦਾ ਖਤਰਾ ਹੋਵੇਗਾ। ਪੁਲਸ ਅਤੇ ਅਦਾਲਤਾਂ ਦੀ ਵਿਵਸਥਾ ਕਮਜ਼ੋਰ ਹੋਣ ਦਾ ਖਮਿਆਜ਼ਾ ਹਿੰਸਾ ਅਤੇ ਦੰਗਿਆਂ ਦੇ ਸ਼ਿਕਾਰ ਗਰੀਬ ਅਤੇ ਕਮਜ਼ੋਰ ਵਰਗਾਂ ਨੂੰ ਹੀ ਸਭ ਤੋਂ ਜ਼ਿਆਦਾ ਭੁਗਤਣਾ ਪਵੇਗਾ।

## ਮਿੰਨੀ ਕਹਾਣੀਆਂ

### ਵੱਡਾ ਪੁਰਸਕਾਰ

-ਹਰਿੰਦਰ ਸਿੰਘ ਗੋਗਨਾ

ਉਸ ਨੇ ਪ੍ਰਕਾਸ਼ਕ ਨੂੰ ਫੋਨ ਕੀਤਾ, ''ਤੁਸੀਂ ਇੱਕ ਵਾਰ ਮੇਰਾ ਖਰੜਾ ਵੇਖ ਤਾਂ ਲਵੋ। ਫਿਰ ਆਪ ਕਹੋਗੇ ਬਹੁਤ ਉਤਮ ਕਹਾਣੀਆਂ ਹਨ।''

''...ਪਰ ਜਨਾਬ, ਮੈਂ ਦੱਸਿਆ ਨਾ ਕਿ ਤੁਹਾਡੀ ਕਿਤਾਬ ਮੁਫਤ ਛਾਪਣ ਤੋਂ ਅਸੀਂ ਅਸਮਰੱਥ ਹਾਂ। ਜੇ ਤੁਹਾਨੂੰ ਕੋਈ ਵੱਡਾ ਪੁਰਸਕਾਰ ਮਿਲਿਆ ਹੁੰਦਾ ਤਾਂ ਅਸੀਂ ਵਿਚਾਰ ਕਰਦੇ।'' ਪ੍ਰਕਾਸ਼ਕ ਨੇ ਦੋ ਟੁੱਕ ਕਿਹਾ ਅਤੇ ਫੋਨ ਕੱਟ ਦਿੱਤਾ।

''ਵੱਡਾ ਪੁਰਸਕਾਰ।''

ਉਹ ਆਪਣੇ ਖਰੜੇ ਵੱਲ ਵੇਖਦਾ ਆਪ ਮੁਹਾਰਾ ਬੋਲਿਆ ਤੇ ਫਿਰ ਉਸ ਨੂੰ ਵਾਪਸ ਅਲਮਾਰੀ ਵਿਚ ਰੱਖਣ ਲੱਗਾ। ਤਦੇ ਉਸ ਦੀ ਨਜ਼ਰ ਆਪਣੇ ਅੱਜ ਤੱਕ ਮਿਲੇ ਸਾਰੇ ਸਨਮਾਨਾਂ 'ਤੇ ਪਈ, ਜੋ ਉਸ ਨੂੰ ਅੱਜ ਤੁੱਛ ਲੱਗ ਰਹੇ ਸਨ।

### ਸਮੇਂ ਦਾ ਫਰਕ

-ਗੁਰਮੀਤ ਸਿੰਘ ਮਰਾੜ੍ਹ

''ਕੀ ਹਾਲ ਰਾਜਿੰਦਰ... ਹੈਲੋ... ਹੈਲੋ। ਲੱਗਦੈ ਫੋਨ ਕੱਟ ਦਿੱਤਾ।'' ਮੈਂ ਕਈ ਦਿਨਾਂ ਤੋਂ ਰਾਜਿੰਦਰ ਨੂੰ ਫੋਨ ਕਰ ਰਿਹਾ ਸੀ, ਪਰ ਉਹ ਕੰਮ 'ਤੇ ਹਾਂ, ਡਰਾਈਵ ਕਰ ਰਿਹਾ ਹਾਂ, ਕੁਝ ਦੇਰ ਬਾਅਦ ਬੈਕ ਕਾਲ ਕਰਾਂਦ ਕਹਿ ਕੇ ਕੱਟ ਦਿੱਤਾ। ਰਾਜਿੰਦਰ ਨੂੰ ਕੁਝ ਦਿਨਾਂ ਦੀ ਠਹਿਰ ਅਤੇ ਕੰਮ-ਧੰਦੇ ਬਾਰੇ ਫੋਨ ਕਰ ਰਿਹਾ ਸੀ, ਪਰ ਉਹ ਹਰ ਵਾਰ ਫੋਨ ਕੱਟ ਰਿਹਾ ਸੀ।

''ਨਹੀਂ ਚੁੱਕਿਆ ਫੋਨ? ਐਵੇਂ ਨਾ ਟੱਕਰਾਂ ਮਾਰੀ ਜਾਹ, ਕਿਸੇ ਨੇ ਕਿਹੈ ਕਿ ਫੂਸ ਦੀ ਅੱਗ ਤੇ ਪਰਦੇਸੀਆਂ ਦੀ ਯਾਰੀ ਥੋੜ੍ਹ ਚਿਰੀ ਹੁੰਦੀ ਏ।'' ਘਰਵਾਲੀ ਨੇ ਚਾਹ ਮੇਰੇ ਕੋਲ ਰੱਖਦਿਆਂ ਕਿਹਾ।


''ਕੰਮ ਤੋਂ ਥੱਕਿਆ ਆ ਕੇ ਸੌਂ ਗਿਆ ਹੋਣੈ। ਸਾਡੇ ਦੋਵਾਂ ਦੇਸ਼ਾਂ ਵਿੱਚ ਸਮੇਂ ਦਾ ਬਹੁਤ ਫਰਕ ਹੈ, ਇਸ ਕਰ ਕੇ।'' ਮੈਂ ਆਪਣ ਦੋਸਤ ਸੰਬੰਧੀ ਮਾੜੀ ਸੋਚ ਮਨ ਵਿੱਚ ਨਹੀਂ ਸੀ ਲਿਆਉਣਾ ਚਾਹੁੰਦਾ।

''ਹਾਂ, ਨੀਂਦ ਵੀ ਤਾਂ ਬੇਫਿਕਰੀ ਅਤੇ ਰੱਜ ਕੇ ਹੀ ਆਉਂਦੀ ਹੈ। ਨਾਲੇ ਡਾਲਰਾਂ ਦੀ ਗਰਮਾਇਸ਼ ਅੱਗੇ ਰਿਸ਼ਤਿਆਂ ਦੇ ਨਿੱਘ ਦੀ ਔਕਾਤ ਕੀ ਹੈ। ਸਮੇਂ ਦਾ ਹੀ ਨਹੀਂ, ਸੋਚ ਦਾ ਵੀ ਫਰਕ ਪਿਆ ਲਗਦੈ।''

ਘਰਵਾਲੀ ਆਪਣੀ ਗੱਲ ਕਹਿ ਕੇ ਜਾ ਚੁੱਕੀ ਸੀ, ਪਰ ਮੈਂ ਅਜੇ ਸੂਈਆਂ ਦੀ ਘੁੰਮਣਘੇਰੀ ਵਿੱਚ ਫਸਿਆ ਸੀ।

AIRMORE
Heating & Air Conditioning Experts
Sales - Service - Installation
Residential / Commercial
ਅਸੀਂ ਕਿਸੇ ਵੀ ਕੰਪਨੀ ਦੇ ਬਣੇ ਫਰਨਾਂਸ, ਏਅਰ ਕੰਡੀਸ਼ਨਰ
ਪਾਣੀ ਦਾ ਹੀਟਰ, ਹੁਮੀਡੀਫਾਇਰ, ਰੂਫਟਾਪ, ਯੂਨੀਟ ਹੀਟਰ
ਅਤੇ ਹੋਰ ਬਹੁਤ ਕੁਝ ਨੂੰ ਠੀਕ ਕਰਦੇ ਹਾਂ
Call us 24x7: 647-526-6115

WATNO PAAR Punjabi
Printed In Canada
ਵਤਨੋਂ ਪਾਰ ਪੰਜਾਬੀ
www.watnopaar.ca 905-673-3000 watnopaar@gmail.com
GLORIOUS 18 YEARS OF SUCCESS
A Name of Quality & Quantity
Watno Paar Punjabi



BOOK YOUR AD FOR
2020 WATNO PAAR PUNJABI DIRECTORY

18 GLORIOUS YEARS OF SUCCESS
WE ARE THE #1 CHOICE OF SOUTH ASIAN COMMUNITY IN GTA
Directory Releases Every Year From Last 18 Years
Watnopaar Punjabi Directory is also available online
www.watnopaar.ca | app : watnopaarpunjabi
ANDROID APP ON Google play
ALL PAGES ARE FULLY COLORED
PRESTIGIOUS GLOSSY PAGES $1000 PER PAGE
WITH ONE REGULAR PAGE FREE
REGULAR FULL PAGE $500 PER PAGE
FRONT, BACK, FRONT INNER, BACK INNER,
SPINE, BOTTOM LINE (EVERY PAGE),
UPPER LINE (EVERY PAGE)
AVAILABLE ON EARLY REQUEST (ASK FOR DETAILS)
Design & Photography Totally Free
www.watnopaar.ca | watnopaar@gmail.com
Contact: 647-893-3600, 905-799-2000, 905-673-3000
7071, Airport Road, #212, Mississauga, ON L4T 4J3

## ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਮਲਾ, ਜ਼ਿਲ੍ਹਾ ਨਾਰੋਵਾਲ



ਤਹਿਸੀਲ ਸ਼ੱਕਰਗੜ, ਥਾਣਾ ਸ਼ਾਹ ਗਰੀਬ ਦਾ ਇੱਕ ਪਿੰਡ ਜੋ ਰੇਲਵੇ ਸਟੇਸ਼ਨ ਨਾਰੋਵਾਲ ਤੋਂ 9 ਮੀਲ ਦੱਖਣ ਹੈ, ਇਹ ਪਿੰਡ ਕੰਜਰੋੜ ਤੋਂ ਈਸਾ ਜਾਣ ਵਾਲੀ ਸੜਕ ਉੱਤੇ ਈਸਾ ਤੋਂ ਕੋਈ ਚਾਰ ਕਿਲੋਮੀਟਰ ਪਹਿਲਾਂ ਆਉਂਦਾ ਹੈ। ਇਸ ਪਿੰਡ ਦੇ ਬਾਹਰ ਪੂਰਬ ਵੱਲ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਸਾਹਿਬ ਸੀ। ਸਤਿਗੁਰੂ ਜੀ ਕਰਤਾਰਪੁਰ ਤੋਂ ਸਿਆਲਕੋਟ ਜਾਂਦੇ ਹੋਏ ਇਸ ਥਾਂ ਇੱਕ ਬੇਰੀ ਦੇ ਰੁੱਖ ਹੇਠਾਂ ਬਿਰਾਜੇ ਸਨ। ਉਸ ਬੇਰੀ ਪਾਸ ਇੱਕ ਛੋਟਾ ਜਿਹਾ ਗੁਰਦੁਆਰਾ ਸੀ । ਹੁਣ ਨਾਂ ਤਾਂ ਬੇਰੀ ਹੈ ਤੇ ਨਾਂ ਹੀ ਗੁਰਦੁਆਰਾ ਸਾਹਿਬ। ਕੇਵਲ ਮਿੱਟੀ ਦਾ ਇੱਕ ਢੇਰ ਹੀ ਹੈ।1952 ਵਿੱਚ ਰਾਵੀ ਦੇ ਹੜ੍ਹ ਨਾਲ ਇਹ ਪਾਵਨ ਅਸਥਾਨ ਮਿੱਟੀ ਦਾ ਢੇਰ ਹੋ ਗਿਆ। ਪਿੰਡ ਅੰਦਰ ਪੱਕੇ ਗੁਰਦੁਆਰਾ ਸਾਹਿਬ ਅੰਦਰ ਪ੍ਰਕਾਸ਼ ਹੁੰਦਾ ਸੀ, ਉਹ ਅਸਥਾਨ ਹੁਣ ਵੀ ਹੈ। ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਇਸ ਦੇ ਨਾਂ ੫੦ ਘੁਮਾਉਂ ਜਮੀਨ ਲਾਈ। ਗਈ ਸੀ ਜੋ ਹੁਣ ਮਹਿਕਮਾ ਮਤਰੂਕਾ ਵਕਫ ਬੋਰਡ ਦੀ ਮਾਲਕੀ ਵਿੱਚ ਹੈ।

## ਵਿਅੰਗ ਗ੍ਰੀਨ ਟੀ, ਬਲੈਕ ਟੀ ਅਤੇ ਤਮਾਸ਼ਬੀਨ

-ਨਿਰਮਲ ਗੁਪਤਾ

(ਚਾਹ ਦੀਆਂ ਦੋ ਪ੍ਰਮੁੱਖ ਕਿਸਮਾਂ ਅਤੇ ਉਨ੍ਹਾਂ ਦੇ ਸਵਾਦ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕਰਦਾ ਵਿਅੰਗ)

ਮੈਂ ਗ੍ਰੀਨ ਟੀ ਨਹੀਂ ਪੀਂਦਾ। ਨਹੀਂ ਪੀਂਦਾ ਤਾਂ ਨਹੀਂ ਪੀਂਦਾ। ਇਸ ਦਾ ਕੋਈ ਖਾਸ ਕਾਰਨ ਨਹੀਂ ਤੇ ਨਾ ਇਸ ਦੇ ਪਿੱਛੇ ਕਿਸੇ ਤਰ੍ਹਾਂ ਦਾ ਰਾਜਸੀ ਮੰਤਵ ਹੈ। ਚਾਹ ਅਤੇ ਟੀ ਵਿੱਚ ਬੜਾ ਫਰਕ ਹੁੰਦਾ ਹੈ। ਚਾਹ ਐਵੇਂ ਪੀਤੀ ਜਾਂਦੀ ਹੈ ਅਤੇ ਟੀ ਪੀਣ ਦੇ ਪਿੱਛੇ ਡੂੰਘੇ ਸਿਹਤਮੰਦ ਕਾਰਨ ਹੁੰਦੇ ਹਨ। ਹੁੰਦੇ ਹੋਣਗੇ। ਕੋਈ ਬੇਵਜ੍ਹਾ ਗ੍ਰੀਨ ਟੀ ਨਹੀਂ ਪਾਂਦਾ। ਚਾਹ-ਸ਼ਾਹ ਤਾਂ ਚੱਲਦੀ ਰਹਿੰਦੀ ਹੈ। ਗਰਮੀ ਵੱਧ ਹੈ ਤਾਂ ਚਾਹ। ਤਰਕ ਇਹ ਕਿ ਗਰਮੀ ਨਾਲ ਗਰਮੀ ਦੂਰ ਭੱਜਦੀ ਹੈ। ਮੌਸਮ ਸਰਦ ਹੈ ਤਾਂ ਚਾਹ ਪੀਣ ਦੀ ਜਾਇਜ਼ ਵਜ੍ਹਾ ਹੈ ਹੀ। ਵਿਰੋਧਾਭਾਸੀ ਤਾਪ ਵਿੱਚ ਤਪ ਕਰ ਕੇ ਆਨੰਦ ਦੀ ਭਾਵਨਾ ਪੈਦਾ ਹੁੰਦੀ ਹੈ। ਕਹਿੰਦੇ ਹਨ ਕਿ ਜੇਮਸ ਵਾਟ ਨੇ ਇਸੇ ਤਰ੍ਹਾਂ ਭਾਵਨਾ ਦੀ ਤਾਕਤ ਦੀ ਥਾਹ ਪਾਈ। ਉਹ ਕੇਤਲੀ ਵਾਲਾ ਕਿੱਸਾ ਤਾਂ ਸਾਰਿਆਂ ਹੀ ਯਾਦ ਹੈ।

ਗ੍ਰੀਨ ਟੀ ਨੂੰ ਪੀਣ ਤੋਂ ਵੱਧ ਉਸ ਦੀ ਲਗਾਤਾਰ ਚਰਚਾ ਕਰਦੇ ਰਹਿਣਾ ਵੱਡੀ ਗੱਲ ਹੁੰਦੀ ਹੈ। ਇਸ ਵਿੱਚ ਦੁੱਧ ਅਤੇ ਚੀਨੀ ਨਾ ਪਾਉਣ ਦਾ ਵਿਧਾਨ ਹੈ। ਇਹ ਕੌੜੀ ਹੋ ਕੇ ਵੀ ਇਕਦਮ ਕੌੜੀ ਨਹੀਂ ਹੁੰਦੀ। ਇਹ ਸਰੋਕਾਰੀ ਜੀ ਦੀ ਵਿਚਾਰਕੀ ਵਰਗੀ ਹੁੰਦੀ ਹੈ। ਪਹੁੰਚੇ ਹੋਏ ਲੋਕਾਂ ਲਈ ਇਹ ਅੱਵਲ ਦਰਜੇ ਦਾ ਪੀਣ ਵਾਲਾ ਪਦਾਰਥ ਹੁੰਦੀ ਹੈ। ਇਸ ਦਾ ਸਵਾਦ ਇਹੋ ਜਿਹਾ ਹੁੰਦਾ ਹੈ, ਜਿਵੇਂ ਬਾਂਦਰ ਲਈ ਅਦਰਕ ਦਾ ਸਵਾਦ। ਜਿਵੇਂ ਹੋਛੇ ਲਈ ਤਿੱਤਰ। ਜਿਵੇਂ ਨਿਪਟ ਸੱਜੇ-ਪੱਖੀ ਦੇ ਵਿੱਚੋ-ਵਿੱਚ ਖੱਬੇ-ਪੱਖੀ ਬੰਦਨਵਾਰ। ਜਿਵੇਂ ਕੇਸਰੀ ਰੰਗ ਵਿੱਚ ਲਾਲ ਹਰੇ ਸ਼ੇਡਸ ਦੀ ਝਲਕ। ਜਿਵੇਂ ਤੁਕਬੰਦੀ ਕੋਸ਼ ਦੀ ਮਦਦ ਨਾਲ ਲਿਖੀ ਗਈ ਇਬਾਰਤ ਵਿੱਚ ਕਵਿਤਾ ਦਾ ਮੁਹਾਂਦਰਾ। ਇਸ ਦਾ ਢੰਗ ਨਾਲ ਰਸਾ-ਸਵਾਦਨ ਉਹੀ ਕਰ ਪਾਉਂਦਾ ਹੈ, ਜੋ ਇਸ ਦੇ ਕੌੜੇਪਣ ਵਿੱਚ ਕਸੈਲੇਪਣ ਦੇ ਨਾਲ ਹੀ ਤਮਾਮ ਸਾਰੇ ਤਰੀਕਿਆਂ ਦੇ ਟੇਸਟ ਵੀ ਪਾਰ ਪਾ ਲੈਂਦਾ ਹੈ।

ਗ੍ਰੀਨ ਟੀ ਸਮਰਥਕ ਅਲਟਰਾ ਲਿਬਲ ਹੁੰਦੇ ਹੋਏ ਵੀ ਅਸਲ ਵਿੱਚ ਕਮੋਵੇਸ਼ ਕੱਟੜ ਕਿਸਮ ਦੇ ਹੁੰਦੇ ਹਨ। ਉਹ ਗੱਲੀਂ-ਬਾਤੀਂ ਹਰ ਵਿਚਾਰ ਵਟਾਂਦਰੇ ਨੂੰ ਘੁਪ ਹਨੇਰੇ ਨਾਲ ਭਰੀਆਂ ਗੁਫਾਵਾਂ ਵਿੱਚ ਉਸੇ ਤਰ੍ਹਾਂ ਖਿੱਚ ਕੇ ਲੈ ਜਾਂਦੇ ਹਨ ਜਿਵੇਂ ਜੰਗਲੀ ਪਸ਼ੂ ਆਪਣੇ ਸ਼ਿਕਾਰ ਨੂੰ ਮੂੰਹ ਵਿੱਚ ਦਬੋਚ ਕੇ ਲਿਆਉਂਦੇ ਰਹੇ ਹਨ। ਜਿਵੇਂ ਡਿਜੀਟਲ ਬੈਂਕਿੰਗ ਸਿਸਟਮ ਦੇ ਮੁੱਖ ਵਿਰੋਧੀ ਕਰੰਸੀ ਨੋਟ ਉਗਲਦੀ ਮਸ਼ੀਨ ਦੇ ਨੇੜੇ ਖੜੋ ਕੇ ਉਸ ਦੇ ਕੈਸ਼ਲੈਸ ਹੋਣ ਦੀ ਕਾਮਨਾ ਕਰਦੇ ਹਨ। ਜਿਵੇਂ ਮਾਰਨਿੰਗ ਵਾਕ ਦੇ ਹੱਕ ਵਿੱਚ ਪ੍ਰਚਾਰ ਉਹੀ ਕਰਦੇ ਹਨ, ਜੋ ਦਿਨ ਚੜ੍ਹੇ ਤੱਕ ਚਾਦਰ ਤਾਣ ਕੇ ਨੀਂਦ ਦਾ ਲੁਤਫ ਲੈਂਦੇ ਹਨ।

ਇੱਕ ਤਰੀਕੇ ਨਾਲ ਦੇਖਿਆ ਜਾਏ ਤਾਂ ਪੂਰਾ ਦੇਸ਼ ਮੋਟੇ ਤੌਰ 'ਤੇ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਇੱਕ ਉਹ ਜੋ ਗ੍ਰੀਨ ਟੀ ਦੇ ਜ਼ਬਰਸਤ ਹਾਮੀ ਹਨ ਅਤੇ ਦੂਸਰੇ ਉਹ, ਜਿਹੜੇ ਟੀ ਹੋਵੇ ਜਾਂ ਚਾਹ, ਦੋਵਾਂ ਨੂੰ ਇੱਕ ਸ਼ੁਗਲ ਮੰਨਦੇ ਹਨ। ..ਤੇ ਹਾਂ ਯਾਦ ਆਇਆ, ਇੱਕ ਤੀਸਰਾ ਤਬਕਾ ਵੀ ਹੈ, ਜੋ ਖੁੱਲ੍ਹੇਆਮ ਬਲੈਕ-ਟੀ ਦੀ ਵਰਤੋਂ ਕਰਦਾ ਹੈ। ਇਹ ਉਹ ਲੋਕ ਹਨ, ਜਿਨ੍ਹਾਂ ਨੂੰ ਯਕੀਨ ਹੈ ਕਿ ਲੋਕਤੰਤਰ ਖਤਰੇ ਵਿੱਚ ਹੈ। ਇਹ ਕਹਿੰਦੇ ਹਨ ਕਿ ਲੋਕਤੰਤਰ ਤਾਂ ਖਤਰਿਆਂ ਵਿੱਚ ਘਿਰਿਆ ਹੀ ਹੈ, ਉਸ ਤੋਂ ਵੀ ਵੱਧ ਇਸ ਗ੍ਰੀਨ ਟੀ ਦੇ ਨਾਲ ਸਮਾਜ ਦੀ ਸੰਪੂਰਨ ਪਾਚਨ ਕਿਰਿਆ ਡੂੰਘੇ ਸੰਕਟ ਵਿੱਚ ਹੈ। ਪ੍ਰੰਪਰਿਕ ਚਾਹ ਪ੍ਰੇਮੀ ਇਸ ਤਰ੍ਹਾਂ ਦੇ ਦੇਸ਼ ਵਿਆਪੀ ਵਿਚਾਰ ਤੋਂ ਖੁਦ ਨੂੰ ਬਾਹਰ ਰੱਖਦੇ ਹਨ। ਇਹ ਜ਼ਿਆਦਾਤਰ ਤਮਾਸ਼ਬੀਨ ਕਿਸਮ ਦੀ ਭੂਮਿਕਾ ਵਿੱਚ ਰਹਿੰਦੇ ਹਨ। ਇਹ ਬਹੁਤ ਜ਼ਿਆਦਾ ਬਿਜ਼ੀ ਨਸਲ ਦੇ ਲੋਕ ਹਨ। ਬਿਜੀ ਬੀ ਵਿਦਆਊਟ ਬਿਜ਼ਨਸ। ਇਹ ਗ੍ਰੀਨ ਜਾਂ ਬਲੈਕ ਦੇ ਝੰਜਟ ਵਿੱਚ ਖੁਦ ਨੂੰ ਨਹੀਂ ਫਸਾਉਂਦੇ। ਅੱਤ ਦੇ ਰੁਝੇਵਿਆਂ ਦੇ ਕਾਰਨ ਦੁੱਧ-ਖੰਡ ਮਿਲੀ ਗਰਮਾ-ਗਰਮ ਚਾਹ, ਨਾਮਧਾਰੀ ਚਾਹ ਨੂੰ ਪਲੇਟ ਵਿੱਚ ਪਲਟ ਕੇ ਮਜ਼ੇ ਨਾਲ ਸੁੜਕ ਜਾਂਦੇ ਹਨ। ਇਨ੍ਹਾਂ ਲੋਕਾਂ ਦਾ ਮੰਨਣਾ ਹੈ ਕਿ ਉਹ ਚਾਹ ਪੀਣਾ ਵੀ ਕੀ ਪੀਣਾ, ਜਿਸ ਦੇ ਸੁੜਕਣ ਦੀ ਆਵਾਜ਼ ਘੱਟੋ-ਘੱਟ 500 ਮੀਟਰ ਦੇ ਘੇਰੇ ਤੱਕ ਨਾ ਸੁਣਾਈ ਦੇਵੇ।

ਮੈਂ ਹਰ ਤਰ੍ਹਾਂ ਦੀ ਚਾਹ ਵੱਲ ਨਿਰਪੱਖ ਭਾਵ ਰੱਖਦਾ ਹਾਂ। ਇਸ ਨੂੰ ਪੀਣ ਜਾਂ ਨਾ ਪੀਣ ਪਿੱਛੇ ਮੇਰੀ ਕੋਈ ਕੂਟਨੀਤੀ ਨਹੀਂ। ਗੱਲ ਸਿੰਗਲ ਮਾਲਟ ਪੀਣ ਵਾਲੇ ਪਦਾਰਥ ਦੀ ਹੁੰਦੀ ਤਾਂ ਮਾਮਲਾ ਜ਼ਰਾ ਹਟ ਕੇ ਹੋਣਾ ਸੀ।

# ਸੰਤਾਂ ਵਿਚੋਂ ਬਣਿਆ ਮਰਦ ਅਗੰਮੜਾ ਭਾਈ ਰਣਜੀਤ ਸਿੰਘ ਢੰਡਰੀਆਂ ਵਾਲਾ



ਅਜੀਤ ਸਿੰਘ ਰੱਖੜਾ
905 794 7882

ਸਦੀਆਂ ਤੋਂ ਧਰਮ ਇਕ ਵਿਸ਼ਵਾਸ ਦੇ ਸਹਾਰੇ, ਜੀਵਤ ਹੈ। ਇਸ ਵਿਸ਼ਵਾਸ ਦੀਆਂ ਧਾਰਨਾਵਾਂ ਵਖ ਵਖ ਹੋ ਸਕਦੀਆਂ ਹਨ ਪਰ ਰੱਬ ਬਾਰੇ ਸੋਚ ਇਕ ਹੀ ਰਹੀ ਹੈ। ਸਭ ਮਹਾਪੁਰਸ਼ਾਂ ਨੇ ਇਕੋ ਵਿਸ਼ਵਾਸ ਨੂੰ ਦਰਿੜ ਕੀਤਾ ਹੈ ਕਿ ਪ੍ਰਮਾਤਮਾ ਇਕ ਮਹਾ ਸ਼ਕਤੀ ਹੈ, ਉਹ ਕੁਲ ਜੀਵਾਂ ਦਾ ਪਾਲਕ ਹੈ। ਉਸ ਦੀ ਕਾਰਜ ਵਿਧੀ ਕਿਸੇ ਦੇ ਸਮਝ ਨਹੀਂ ਪੈਂਦੀ। ਪ੍ਰਮਾਤਮਾ ਨੂੰ ਸਮਝਣ ਲਈ ਬੜੀ ਮਿਹਨਤ ਦਰਕਾਰ ਹੈ। ਮਿਹਨਤ ਕਿਸ ਤਰ੍ਹਾ ਕਰਨੀ ਹੈ, ਇਸ ਸੋਚ ਨੇ ਵਖ ਵਖ ਧਰਮ ਪੈਦਾ ਕੀਤੇ ਹਨ।ਸੰਤ ਢੰਡਰੀਆਂ ਵਾਲੇ ਦੀ ਸੋਚ ਪਿਛਲੇ 5 ਕੁ ਸਾਲਾਂ ਤੋਂ ਬਦਲੀ ਹੈ। ਪਹਿਲੋਂ ਉਹ ਆਮ ਸੰਤ ਸਮਾਜ ਦੇ ਪ੍ਰਚਾਰਕਾਂ ਦੀ ਤਰ੍ਹਾਂ ਇਕ ਸੰਪਰਦਾਇਕਵਕਤਾ ਦੇ ਰੂਪ ਵਿਚ ਵਿਚਰ ਰਹੇ ਸਨ। ਆਮ ਸੰਤਾ ਦੀ ਤਰ੍ਹਾ ਸ਼ਬਦ ਕੀਰਤਨ ਅਤੇ ਗੁਰਬਾਣੀ ਦੀ ਵਿਆਖਿਆ ਕਰਦੇ ਸਨ। ਬੋਲਚਾਲ ਵਿਚ ਇਕ ਰਵਾਨਗੀ ਅਤੇ ਜਿੰਮੇਦਾਰੀ ਦੀ ਭਾਵਨਾ ਸੀ। ਕੌਮ ਦੇ ਬੱਚਿਆਂ ਨੂੰ ਸਿਖੀ ਨਾਲ ਜੋੜਕੇ, ਅਮ੍ਰਿਤ ਛਕਾਕੇ ਨੇਕ ਇਨਸਾਨ ਬਣਨ ਦੀ ਪ੍ਰੇਰਨਾ ਦੇਂਦੇ ਸਨ। ਫਲਸਰੂਪ ਬੱਚਿਆਂ ਦੇ ਮਾਤਾ ਪਿਤਾ ਸੰਤਾਂ ਤੋਂ ਬਹੁਤ ਪ੍ਰਭਾਵਤ ਸਨ। ਜਿਥੇ ਵੀ ਉਨ੍ਹਾਂ ਦਾ ਪ੍ਰੋਗਰਾਮ ਹੁੰਦਾ ਲੋਕ ਹਜਾਰਾ ਦੀ ਗਿਣਤੀ ਵਿਚ ਪਹੁੰਚਦੇ ਸਨ।

ਸੰਤ ਜੀ ਦੇ ਬਿਬੇਕ ਨੇ ਸੰਤ ਸਮਾਜ ਵਿਚ ਰਹਿੰਦਿਆ ਬਾਣੀ ਨੂੰ ਸਹੀ ਰੂਪ ਵਿਚ ਸਮਝਿਆ ਅਤੇ ਪਾਇਆ ਕਿ ਜੋ ਕੁਝ ਵੀ ਅਸੀਂ ਕਰ ਰਹੇ ਹਾਂ ਇਹ ਤਾਂ ਬਾਣੀ ਅਨੁਸਾਰ ਠੀਕ ਨਹੀਂ ਹੈ। ਜਿਨ੍ਹਾ ਗਲਾਂ ਤੋਂ ਬਾਣੀ ਸਾਨੂੰ ਵਰਜਦੀ ਹੈ ਅਸੀਂ ਤਾਂ ਉਹੀ ਕਰੀ ਜਾ ਰਹੇ ਹਾਂ। ਆਪਣੇ ਪ੍ਰਚਾਰ ਰਾਹੀ ਲੋਕਾਂ ਨੂੰ ਅੰਧਵਿਸ਼ਵਾਸੀ ਬਣਾ ਰਹੇ ਹਾਂ।ਅਸੀਂ ਤਾਂ ਗੋਲਕਾਂ ਭਰਨ ਦੇ ਲਾਲਚ ਵਿਚ ਵਿਪਰਵਾਦ ਨੂੰ ਅਪਣਾ ਰਹੇ ਹਾਂ। ਸਾਡੇ ਵਿਚ ਅਤੇ ਪੁਜਾਰੀ ਵਰਗ ਵਿਚ ਕੋਈ ਫਰਕ ਹੀ ਨਹੀਂ ਰਹਿ ਗਿਆ। ਹੁਣ ਉਨਾਂ ਸਹੀ ਵਿਚਾਰਧਾਰਾ ਪ੍ਰਚੰਡ ਕਰਨ ਦਾ ਬੀੜਾ ਚੁਕਿਆ ਹੈ। ਸਿੱਖ ਸਮਾਜ ਲਈ ਇਹ ਇਕ ਬਹੁਤ ਵਡੀ ਗਲ ਹੈ। ਅਜ ਤਕ ਸਿੱਖੀ ਵਿਚ ਆਇਆ ਨਿਘਾਰ ਲੇਖਕ ਵਰਗ ਵਲੋਂ ਕੀਤਾ ਜਾਂਦਾ ਰਿਹਾ ਹੈ, ਮਾਡਰੇਟ ਲੋਕਾਂ ਵਲੋਂ ਕੀਤਾ ਜਾਂਦਾ ਰਿਹਾ ਹੈ ਜਾਂ ਸੋਸ਼ਿਲ ਮੀਡੀਆਂ ਉਪਰ ਕੀਤਾ ਜਾ ਰਿਹਾ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਇਕ ਸੰਤ ਨੇ ਇਸ ਮਸਲੇ ਨੂੰ ਚੁਕਿਆ ਹੈ। ਸੰਤ ਵੀ ਉਹ ਜੋ ਪਹਿਲਾਂ ਸੰਤਾ ਵਾਲਾ ਸਭ ਕੁਝ ਕਰਦਾ ਰਿਹਾ ਹੈ। ਉਨ੍ਹਾ ਨੇ ਆਪਣੇ ਸ਼ਬਦਾ ਰਾਹੀਂਇਕ ਵੀਡੀਓ ਵਿਚ ਕਿਹਾ ਹੈ ਕਿ 'ਮੈਂ ਜਰੂਰ ਕਰਦਾ ਰਿਹਾਂ ਹਾਂ ਪਰ ਮੇਰੀ ਆਤਮਾ ਇਕ ਘੁਟਨ ਮਹਿਸੂਸ ਕਰਦੀ ਰਹੀ ਸੀ ਫਲਸਰੂਪਹੁਣ ਮੈਂ ਆਪਣੀ ਵਿਚਾਰਧਾਰਾ ਵਿਚ ਬਦਲਾਅ ਕੀਤਾ ਹੈ'। ਸਿੱਖ ਸਮਾਜ ਲਈ ਇਹ ਬਹੁਤ ਵਡੀ ਘਟਨਾ ਹੈ। ਇਕ ਬ੍ਰਹਿਮ ਗਿਆਨ ਪ੍ਰਾਪਤੀ ਵਰਗੀ ਗਲ ਹੈ।ਮਹਾਤਮਾ ਬੁਧ ਦੇ ਗਿਅਨ ਪ੍ਰਾਪਤੀ ਵਰਗੀ ਗਲ ਹੈ। ਇਸ ਨਰੋਏ ਫੈਸਲੇ ਲਈ ਸੰਤ ਜੀ ਅਤੇ ਸਿੱਖ ਸਮਾਜ ਦੇ ਆਮ ਲੋਕ ਵਧਾਈ ਦੇ ਪਾਤਰ ਹਨ। ਉਨ੍ਹਾ ਨੂੰ ਇਕ ਸਹੀ ਰਹਿਨੁਮਾ ਮਿਲ ਗਿਆ ਹੈ।

ਇਤਹਾਸ ਫਰੋਲਿਆਂ ਪਤਾ ਚਲਦਾ ਹੈ ਕਿ ਜਦ ਜਦ ਵੀ ਕਦੇ ਕਿਸੇ ਧਾਰਮਿਕ ਇਨਕਲਾਬੀ ਨੇ ਆਪਣੇ ਸਮੇ ਦੇ ਪ੍ਰਚਲਤ ਵਿਸ਼ਵਾਸ ਉਪਰ ਆਪਣੇ ਕਰਾਂਤੀਕਾਰੀ ਵਿਚਾਰ ਦਿਤੇ ਹਨ, ਪੁਜਾਰੀ ਵਰਗ ਨੇ ਉਸਨੂੰ ਤਸੀਹੇ ਦੇਕੇ ਜਾਨੋਂ ਮਾਰਿਆ ਹੈ ਜਾਂ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 15 ਭਗਤਾਂ ਦਾ ਵਰਨਣ ਹੈ। 6 ਗੁਰੂਆਂ ਦੀ ਬਾਣੀ ਹੈ। ਤਕਰੀਬਨ ਸਾਰੇ ਹੀ ਉਸ ਸਮੇ ਦੇ ਈਰਖਾਲੂ ਲੋਕਾਂ ਵਲੋਂ ਤੰਗ ਕੀਤੇ ਗਏ ਸਨ। ਤਕਰੀਬਨ ਸਭ ਧਰਮਾਂ ਦੇ ਪਹਿਲੇ ਆਗੂ ਆਪਣੇ ਵਰੋਧੀਆਂ ਵਲੋਂ ਪ੍ਰੇਸ਼ਾਨ ਕੀਤੇ ਗਏ ਸਨ। ਈਸਾ ਨੂੰ ਸਲੀਬ ਉਪਰ ਟੰਗਿਆ ਗਿਆ ਸੀ। ਮੰਨਸੂਰ ਅਤੇ ਅਰਸਤੂ ਵਰਗਿਆ ਨੂੰ ਮਾਰ ਦਿਤਾ ਗਿਆ ਸੀ। ਬੁਧ ਧਰਮ ਨੂੰ ਆਪਣੇ ਹੀ ਮੁਲਕ ਵਿਚੋਂ ਦੇਸ਼ ਨਿਕ-ਾਲਾ ਦੇ ਦਿਤਾ ਗਿਆ ਸੀ। ਸਿੰਘ ਸਭਾ ਦਾ ਬਾਨੀ ਜੋ ਆਰੀਆਂ ਸਮਾਜੀ ਲੋਕਾਂ ਦਾ ਸਮਰਥਕ ਸੀ ਗਿਆਨੀ ਦਿਤ ਸਿੰਘ ਨੂੰ ਐਨਾ ਪ੍ਰੇਸ਼ਾਨ ਕੀਤਾ ਗਿਆ ਸੀ ਕਿ ਉਹ ਡੀਪਰੈਸ਼ਨ ਨਾਲ ਮਰ ਗਿਆ ਸੀ। ਨਿਰੰਕਾਰੀ ਆਗੂ ਬਾਬਾ ਅਵਤਾਰ ਸਿੰਘ ਮਾਰ ਦਿਤੇ ਗਏ ਸਨ। ਸਾਡੇ ਸਮੇ ਦਾ ਸਭ ਤੋਂ ਵਧ ਚਰਚਿਤ ਵਿਅਕਤੀ ਭਗਵਾਨ ਰਜਨੀਸ਼ (ਓਸ਼ੋ) ਸੀ। ਜਿਸ ਨੇ ਆਪਣੀ ਤਰਕ ਨਾਲ ਸਭ ਧਰਮਾ ਵਾ-ਲਿਆ ਵਿਚੋਂ ਅਜ਼ਾਦ ਖਿਆਲੀਏ ਹੰਗਾਲਕੇ ਆਪਣਾ ਇਕ ਵਖਰਾ ਧਰਮ ਸਥਾਪਤ ਕਰ ਲਿਆ ਸੀ। ਉਸਦੇ ਭਗਤ ਗੇਰੂ ਰੰਗ ਦਾ ਚੋਲਾ ਪਹਿਨਦੇ ਸਨ ਅਤੇ ਰੁਧਰਾਕਸ਼ ਵਰਗੇ ਮਣਕਿਆ ਦੀ ਮਾਲਾ ਪਹਿਨਦੇ ਸਨ, ਜਿਸਦੇ ਲੌਕਟ ਵਿਚ ਰਜਨੀਸ਼ ਦੀ ਫੋਟੋ ਹੁੰਦੀ ਸੀ। ਕੇਵਲ ਭਾਰਤ ਹੀ ਨਹੀਂ ਦੁਨੀਆਂ ਭਰ ਦੇ ਅਨੇਕਾਂ ਮੁਲਕਾਂ ਵਿਚ ਰਜਨੀਸ਼ ਭਗਤ ਪੈਦਾ ਹੋ ਗਏ ਸਨ। ਉਸਨੇ ਅਮਰੀਕਾ ਵਿਚ ਇਕ ਆਪਣਾ ਵਖਰਾ ਸ਼ਹਿਰ ਵਸਾ ਲਿਆ ਸੀ। ਅੰਤਾਂ ਦੀ ਅਮੀਰੀ ਉਸ ਆਸ਼ਰਮ ਵਿਚ ਪੈਦਾ ਕਰ ਲਈ ਸੀ। ਪਰ ਕਰਾਈਸਟ ਅਤੇ ਬਾਈਬਲ ਉਪਰ ਦਿਤੇ ਜਾਂਦੇ ਲੈਕਚਰਾਂ ਤੋਂ ਅਮਰੀਕਨ ਸਰਕਾਰ ਖਫਾ ਹੋ ਗਈ। ਓਸ਼ੋ ਦਾ ਬਹੁਤ ਨੁਕਸਾਨ ਹੋਇਆ ਸੀ। ਸਭ ਮੁਲਕਾਂ ਵਿਚੋਂ ਜਲਾਵਤਨ ਕਰ ਦਿਤੇ ਜਾਣ ਵਾਲਾ ਭਗਵਾਨ ਆਪਣੇ ਆਖਰੀ ਦਿਨਾ ਵਿਚ ਪੂਨੇਆਕੇ ਮਰਿਆ ਸੀ।

ਇਸ ਸਮੇ, ਆਪਣੇ ਲੈਕਚਰਾ ਕਾਰਣ ਸੰਤ ਢੰਡਰੀਆਂ ਵਾਲਿਆ ਨਾਲ ਵੀ ਇਹੀ ਕੁਝ ਹੋ ਰਿਹਾ ਹੈ।ਅਜ ਹਾਲਾਤ ਇਹ ਹੋ ਗਏ ਹਨ ਕਿ ਉਨ੍ਹਾਂ ਨੇ ਦੀਵਾਨ ਸਜਾਉਣੇ ਤਕਰੀਬਨ ਬੰਦ ਕਰ ਦਿਤੇ ਹਨ।22 ਫਰਵਰੀ 2020 ਨੂੰ ਰੀਲੀਜ਼ ਕੀਤੀ ਗਈ ਯੂਟਿਊਬ ਵਿਚ ਉਨ੍ਹਾ ਆਖਿਆ ਹੈ 'ਕਿ ਮੈਂ ਆਪਣੇ ਬੰਦਿਆ ਨੂੰ ਮਰਦੇ ਨਹੀਂ ਵੇਖ ਸਕਦਾ ਨਾ ਆਪਣੇ ਵਿਰੋਧੀਆਂ ਦਾ ਜਾਨੀ ਨੁਕਸਾਨ ਬਰਦਾਸ਼ਤ ਕਰ ਸਕਦਾ ਹਾਂ। ਲਓ ਅਜ ਤੋਂ ਮੈਂ ਦੀਵਾਨ ਲਗਾਉਣੇ ਬੰਦ ਕਰਦਾ ਹਾਂ। ਪਰ ਮੇਰੀ ਅਵਾਜ਼ ਸੋਸ਼ਿਲ ਮੀਡੀਆਂ ਰਾਹੀ ਪ੍ਰਚੰਡ ਰਹੇਗੀ'। ਉਨ੍ਹਾ ਨੇ ਬੁਧੀਜੀਵੀ ਵਰਗ ਨੂੰ ਵੰਗਾਰ ਦਿਤੀ ਹੈ ਕਿ ਆਪਣੇ ਨਿਰਪੱਖ ਵਿਚਾਰ ਜਰੂਰ ਦੇਣ। ਆਓ ਸਾਡੇ ਨਾਲ ਖੜੇ ਹੋਵੋ ਤਾਂ ਜੋ ਅਜੋਕੇ ਪੁਜਾਰੀ ਵਰਗ ਦੇ ਜ਼ੁਲਮਾਂ ਨੂੰ ਰੋਕਿਆ ਜਾ ਸਕੇ।ਉਨ੍ਹਾ ਦਾ ਆਪਣੇ ਵਰਗੇ ਹੀ ਸੰਤਾ ਨਾਲ ਝਗੜਾ ਚਲ ਰਿਹਾ ਹੈ। ਅਖਬਾਰਾਂ, ਰੈਡੀਓ ਅਤੇ ਟੀਵੀ ਵਾਲੇ ਉਨ੍ਹਾ ਨਾਲ ਇੰਟਰਵੀਊ ਕਰਕੇ ਵਖ ਵਖ ਐਂਗਲਾਂ ਤੋਂ ਉਨਾਂ ਬਾਰੇ ਲਿਖ ਅਤੇ ਨਸ਼ਰ ਕਰ ਰਹੇ ਹਨ। ਕੋਈ ਕਹਿੰਦਾ ਹੈ ਕਿ ਸੰਤ ਜੀ ਖੂੰਧਕ ਵਿਚ ਆਏ ਹੋਏ ਹਨ। ਕੋਈ ਲਿਖਦਾ ਹੈ ਕਿ ਸੰਤ ਸਿੱਖ ਧਰਮ ਨੂੰ ਨਵਾਂ ਰੂਪ ਦੇਣਾ ਚਹੁੰਦੇ ਹਨ ਅਤੇ ਕੋਈ ਕਹਿੰਦਾ ਹੈ ਕਿ ਉਹ ਹੁਣ ਕਾਮਰੇਡਾਂ ਦੀ ਬੋਲੀ ਬੋਲਣ ਲਗ ਪਏਹਨ। ਜਿਨੇ ਮੂੰਹ ਉਨੀਆਂ ਗਲਾਂ ਹੋ ਰਹੀਆਂ ਹਨ। ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਬਣੀ 5 ਮੈਂਬਰੀ ਛਾਣਬੀਣ ਕਮੇਟੀ ਮੂਹਰੇ ਸੰਤ ਜੀ ਪੇਸ਼ ਹੋਣ ਲਈ ਤਿਆਰ ਨਹੀਂ ਹਨ। ਉਹ ਕਹਿੰਦੇ ਹਨ ਕਿ ਮੈਂ ਕਿਸੇ ਜਗਾ ਵੀ ਪੇਸ਼ ਹੋਣ ਲਈ ਤਿਆਰ ਹਾਂ ਜੇ ਕਰ ਮੇਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਣ। ਸ਼ਰਤਾ ਹਨ ਕਿ ਮੇਰੇ ਉਪਰ ਕੀਤੇ ਜਾਨਲੇਵਾ ਹਮਲੇ ਲਈ ਵਿਰੋਧੀ ਧਿਰ ਅਫਸੋਸ ਪ੍ਰਗਟ ਕਰੇ। ਦੂਸਰਾ, ਸਭ ਸੰਤ ਸਮਾਜ ਵਾਲੇ ਡੇਰੇਦ-ਾਰ ਅਕਾਲ ਤਖਤ ਦੀ ਮ੍ਰਯਾਦਾ ਆਪਣੇ ਆਪਣੇ ਅਦਾਰਿਆਂ ਵਿਚ ਲਾਗੂ ਕਰਨ। ਉਹ ਕਹਿੰਦੇ ਹਨ ਕਿ ਅਕਾਲ ਤਖਤ ਇਕ ਸਰਬੋਤਮ ਸਤਿਕਾਰਯੋਗ ਸਿੱਖ ਅਥਾਰਟੀ ਹੈ। ਪਰ ਕਾਬਜ,ਮਾਜੂਦਾ ਕਾਰਜ ਕਰਨੀ ਲੋਕ, ਭਰਿਸ਼ਟ ਹੋ ਚੁਕੇ ਹਨ। ਉਨ੍ਹਾ ਕੋਲੋਂ ਮੈ ਕਿਸੇ ਇਨਸਾਫ ਦੀ ਆਸ ਨਹੀਂ ਰਖ ਸਕਦਾ। ਸਾਰਾ ਕੁਝ ਮੈਨੂੰ ਜਲੀਲ ਕਰਨ ਖਾਤਰ ਰਚੀ ਹੋਈ ਸਾਜਿਸ਼ ਹੈ।

ਆਉਇਸ ਚਲੰਤ ਮਸਲੇ ਬਾਰੇ ਵਿਚਾਰ ਕਰੀਏ: ਰਣਜੀਤ ਸਿੰਘ ਜੀ ਬਚਪਨ ਤੋਂ ਹੀ ਸੰਤਾ ਅਤੇ ਮਹਾਪੁਰਸ਼ਾ ਵਿਚ ਰਹੇ ਹਨ। ਸੰਤ ਰਾੜੇ ਵਾਲਿਆ ਦੇ ਡੇਰੇ ਵਿਚੋਂ ਹੀ ਸਿੱਖ ਸਮਾਜ ਵਿਚ ਉਜਾਗਰ ਹੋਏ ਹਨ। ਜਿਥੇ ਉਹ ਧਾਰਮਿਕ ਬਿਰਤੀ ਦੇ ਮਾਲਕ ਹਨ, ਉਥੇ ਉਹ ਸਿੱਖ ਸਮਾਜ ਦੇ



ਚਿੰਤਕ ਵੀ ਹਨ। 36 ਕੁ ਸਾਲ ਦੇ ਭਰ ਜੁਆਨ,ਖੂਬਸੂਰਤ ਅਤੇ ਕੁਆਰੇਪੁਰਸ਼ ਹਨ। ਇਸ ਉਮਰ ਵਾਲਿਆ ਲਈ ਆਪਣਾ ਦਾਮਨ ਸਾਫ ਰਖਣਾ ਬਹੁਤ ਵਡੀ ਗਲ ਹੁੰਦੀ ਹੈ। ਵਿਰੋਧੀਆਂ ਦੀਆਂ ਲੱਖ ਕੋਸ਼ਿਸ਼ਾ ਬਾਅਦ ਵੀ ਉਨ੍ਹਾਂ ਉਪਰ ਕੋਈ ਅਸ਼ਲੀਲ ਕਿਸਮ ਦਾ ਦੋਸ਼ ਸਾਬਤ ਨਹੀਂ ਹੋਇਆ। ਪੰਜਾਬੀ ਸਮਾਜ ਵਿਚ ਹੀ ਨਹੀਂ ਬਲਿਕੇ ਦੁਨੀਆਂ ਭਰ ਵਿਚ ਵਿਰੋਧੀ ਲੋਕ ਕਿਸੇ ਭਲੇ ਪੁਰਸ਼ ਨੂੰ ਬਦਨਾਮ ਕਰਨ ਲਈ ਜਿਣਸੀ ਦੋਸ਼ ਲਗਾਉਣਾ ਸਭ ਤੋਂ ਵਧ ਕਾਮਯਾਬ ਹਥ ਕੰਡਾ ਗਿਣਦੇ ਹਨ। ਇਸੇ ਹਥਕੰਡੇ ਨਾਲ ਵਡੇ ਵਡੇ ਬੰਦਿਆਂ ਨੂੰ ਮਿਟੀ ਵਿਚ ਮਿਲਾ ਦਿਤਾ ਜਾਂਦਾ ਹੈ, ਕਿਓ ਕਿ ਇਸ ਤਰ੍ਹਾ ਦੇ ਦੋਸ਼ਾ ਉਪਰ ਲੋਕ ਝਟ ਵਿਸ਼ਵਾਸ ਕਰ ਲੈਂਦੇ ਹਨ। ਪਰ ਆਫਰੀਨ ਢੰਡਰੀਆ ਵਾਲੇ ਦੇ ਕਿ ਉਨ੍ਹਾ ਖਿਲਾਫ ਇਹ ਹਥਕੰਡਾ ਕਾਮਯਾਬ ਨਹੀਂ ਸੀ ਹੋ ਸਕਿਆ।

ਸੌਦਾ ਸਾਧ (ਸਿਰਸੇ ਵਾਲੇ ਰਾਮਰਹੀਮ ਸਿੰਘ) ਉਪਰ ਸਭ ਤੋਂ ਪਹਿਲਾ ਦੋਸ਼ਜੋ ਲਗਾ ਸੀ ਉਹ ਇਹ ਸੀ ਕਿ ਉਸ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸੁਆਂਗ ਕੀਤਾ ਹੈ। ਕਿਸੇ ਇਕੱਲੇ ਦੁਕੱਲੇ ਬੰਦੇ ਦੀ ਖਿਚੀ ਹੋਈ ਫੋਟੋ ਨੂੰ ਜਿਸ ਵਿਚ ਉਸ ਸ਼ੇਰਵਾਨੀ ਪਾਈ ਹੋਈ ਹੈ ਅਤੇ ਕਲਗੀ ਲਗਾਈ ਹੋਈ ਹੈ, ਮੀਡੀਆ ਰਾਹੀ ਐਡਾ ਗੇੜਾ ਦਿਤਾ ਗਿਆ ਕਿ ਇਹ ਮਸਲਾ ਸਾਰੇ ਸਿੱਖ ਜਗਤ ਦਾ ਬਣ ਗਿਆ। ਉਸ ਵਲੋਂ ਮੰਗੀਆਂ ਮੁਆਫੀਆਂ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਵੈਸੇ ਉਹ ਸਾਧ ਕਈ ਹੋਰ ਕਸੂਤੇਦੋਸ਼ਾ ਕਾਰਣ ਅਜਕਲ ਜੇਲ੍ਹ ਵਿਚ ਬੰਦ ਹੈ। ਵਿਰੋਧੀਆ ਵਲੋਂ ਉਸੇ ਤਰਜ ਉਪਰ ਸੁਆਂਗ ਵਾਲਾ ਦੋਸ਼ ਢੰਡਰੀਆਂ ਵਾਲੇ ਵਿਰੁਧ ਵੀ ਵਰਤਣ ਦੀ ਕੋਸਿਸ਼ ਕੀਤੀ ਗਈ ਸੀ। ਦੋਸ਼ ਲਗਾ ਸੀ ਕਿ ਉਹ ਕਲਗੀ ਬੰਨਕੇ ਲੋਕਾਂ ਤੋਂ ਮਥੇ ਟਿਕਾਉਂਦਾ ਹੈ। ਪਰ ਵਿਰੋਧੀ ਇਸ ਵਿਚ ਵੀ ਕਾਮਯਾਬ ਨਹੀਂ ਹੋ ਸਕੇ। ਹਾਂ ਇਕ ਨਿਗੁਣਾ ਜਿਹਾ ਦੋਸ਼ ਲਗਾਉਣ ਉਪਰ ਵਿਰੋਧੀ ਕਾਮਯਾਬ ਹੋ ਗਏ ਹਨ। ਦੋਸ਼ ਹੈ ਕਿ ਢੰਡਰੀਆਂ ਵਾਲਾ ਕਚੀ ਬਾਣੀ ਪੜ੍ਹਦਾ ਹੈ ਅਤੇ ਸਿੱਖ ਹਿਸਟਰੀ ਨੂੰ ਤੋੜ ਮ੍ਰੋੜਕੇ ਇਕ ਵਖਰਾ ਰੂਪ ਦੇ ਰਿਹਾ ਹੈ। ਉਹ ਗੁਰੂਆ ਨਾਲ ਜੁੜੇ ਕੌਤਕਾਂ ਨੂੰ ਗਲਤ ਕਹਿ ਰਿਹਾ ਹੈ। ਉਹ ਗੁਰੂਆਂ ਨੂੰ ਆਮ ਇਨਸਾਨਾ ਵਾਂਗ ਚਿਤਵਕੇ ਉਨ੍ਹਾ ਵਲੋਂ ਪ੍ਰਗਟ ਕੀਤੀਆਂ ਸ਼ਕਤੀਆ ਦੀ ਕੀਮਤ ਘਟਾ ਰਿਹਾ ਹੈ।

ਭਾਈ ਰਣਜੀਤ ਸਿੰਘ ਦੇ ਵਿਰੋਧੀ ਸੰਤ ਸਮਾਜ ਵਾਲੇ ਹਨ। ਜਿਨ੍ਹਾ ਵਿਚ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆ ਦੀ ਦਮਦਮੀ ਟਕਸਾਲ ਦੇ ਮਾਜੂਦਾ ਮੁਖੀ ਹਰਨਾਮ ਸਿੰਘ ਧੁਮਾਂ ਜੀ ਦਾ ਨਾਮ ਲਿਆ ਜਾਂਦਾ ਹੈ। ਉਨ੍ਹਾ ਉਪਰ ਦੋਸ਼ ਹੈ ਕਿ 16 ਮਈ 2016 ਵਿਚ ਲੁਧਿਆਨਾਵਿਖੇ ਭਾਈ ਰਣਜੀਤ ਸਿੰਘ ਉਪਰ ਕੀਤੇ ਗਏ ਜਾਨਲੇਵਾ ਹਮਲੇ ਦੇ ਜਿੰਮੇਦਾਰ ਬੰਦੇ ਧੁਮਾ ਜੀ ਰਾਹੀ ਪ੍ਰੇਰਤ ਸਨ। ਖੁਸ਼ਕਿਸਮਤੀ ਇਹ ਰਹੀ ਕਿ ਭਾਈ ਸਾਹਿਬ ਤਾਂ ਵਾਲ ਵਾਲ ਬਚ ਗਏ ਪਰ ਉਨ੍ਹਾਂ ਦਾ ਸਾਥੀ ਭੂਪਿੰਦਰ ਸਿੰਘ ਮਾ-ਰਆ ਗਿਆ। ਸੰਤਾ ਦੇ ਜੀਵਨ ਵਿਚ ਇਹ ਇਕ ਟਰਨਿੰਗ ਪੋਇੰਟ ਸਾਬਤ ਹੋਇਆ ਹੈ। ਸੰਤਾ ਦਾ ਨਜ਼ਰੀਆ ਹੀ ਬਦਲ ਗਿਆ ਹੈ। ਕੁਲ ਸਿੱਖ ਪੰਥ ਦੇ ਪ੍ਰਚਾਰਕਾਂ ਖਿਲਾਫ ਉਨ੍ਹਾ ਬੋਲਣਾ ਸ਼ੁਰੂ ਕਰ ਦਿਤਾ ਹੈ। ਕਾਲਾ ਅਫਗਾਨਾ ਵਰਗੇ ਲੇਖਕਾਂ ਦਾ ਪੱਖ ਪੂਰ ਰਹੇ ਹਨ। ਉਹ ਕਹਿੰਦੇ ਹਨ ਕਿ ਇਹ ਲੋਕ ਸਿੱਖੀ ਨੂੰ ਗਲਤ ਤਰੀਕੇ ਪੇਸ਼ ਕਰ ਰਹੇ ਹਨ। ਜਿਨ੍ਹਾ ਵਹਿਮਾ ਭਰਮਾ ਨੂੰ ਮੰਨਣ ਤੋਂ ਬਾਣੀ ਸਾਨੂੰ ਮਨ੍ਹਾਂ ਕਰਦੀ ਹੈ, ਸੰਤ ਸਮਾਜ ਵਾਲੇ ਉਨ੍ਹਾ ਦੇ ਸਹਾਰੇ ਆਪਣਾ ਦਾਲ ਫੁਲਕਾ ਚਲਾ ਰਹੇ ਹਨ। ਨਾ ਉਹ ਕੇਂਦਰੀ ਰਹਿਤ ਮ੍ਰਯਾਦਾ (ਅਕਾਲ ਤਖਤ) ਨੂੰ ਮੰਨਦੇ ਹਨ ਅਤੇ ਨਾ ਹੀ ਉਨ੍ਹਾ ਦੀ ਤਰਜ ਉਪਰ ਅਮ੍ਰਿਤ ਪਾਨ ਕਰਵਾਉਂਦੇ ਹਨ। ਉਨ੍ਹਾ ਦਾ ਸਾਰਾ ਧਾਰਮਕ ਅਡੰਬਰ ਕੇਂਦਰੀ ਸਿੱਖੀ ਤੋਂ ਵਖ ਕਿਸਮ ਦਾ ਹੈ।

ਇਤਹਾਸ ਗਵਾਹ ਹੈ ਕਿ ਜਦ ਵੀ ਕਿਸੇ ਵਿਸ਼ੇਸ਼ ਬੰਦੇ ਉਪਰ ਸਿੱਖ ਧਾਰਮਿਕਤਾ ਦੇ ਖਿਲਾਫ ਜਾਣ ਦਾ ਝੂਠਾ ਜਾ ਸਚਾ ਦੋਸ਼ ਲਗਦਾ ਹੈ ਤਾਂ ਕਟੜਪੰਥੀ ਸੋਧਾ ਲਗਾਉਣ ਲਈ ਹਰਕਤ ਵਿਚ ਆ ਜਾਂਦੇ ਹਨ। ਇੰਡੋ ਕਨੇਡੀਅਨ ਅਖਬਾਰ ਦੇ ਆਡੀਟਰ ਤਾਰਾ ਸਿੰਘ ਹੇਅਰ ਅਜਿਹੇ ਸਿਲਸਿਲੇ ਮਾਰਿਆ ਗਿਆ ਸੀ ਫਲਸਰੂਪ ਉਸਦੀ ਅਖਬਾਰ ਅਜ ਤਕ ਆਪਣੇ ਸਟੈਂਡ ਤੋਂ ਪਿਛਾਹ ਨਹੀਂ ਹਟੀ। ਬੀਸੀ ਦਾ ਪ੍ਰੀਮੀਅਰ ਉਜਲ ਦੁਸਾਂਝ ਕਨਿਕਸ਼ ਕਾਂਢ ਉਪਰ ਆਪਣੀ ਨਿਰਪੱਖ ਰਾਏ ਰੱਖਣ ਕਾਰਣ ਖਾਲਿਸਤਾਨੀ ਲੋਕਾਂ ਹਥੋਂ ਦੰਡਤ ਕੀਤਾ ਗਿਆ ਸੀ ਫਲਸਰੂਪ ਉਹ ਅਜਤਕ ਉਨ੍ਹਾ ਦੇ ਖਿਲਾਫ ਭੁਗਤ ਰਿਹਾ ਹੈ। ਇਸੇ ਤਰਾਂਹਚੁਪ ਕਰਾਉਣ ਲਈ ਖਾੜਕੂਆਂ ਹਥੋਂ ਮਾਰੇ ਕੁੱਟੇ ਗਏ ਹੋਰ ਅਖਬਾਰ ਨਵੀਸ ਵੀ ਹਨ ਜਿਨਾਂ ਨੇ ਡਰਕੇ ਚੁਪ ਹੋ ਜਾਣ ਦੀ ਬਜਾਏ ਖਾਲਸਤਾਨੀਆ ਦੇ ਪੱਕੇ ਵਿਰੋਧੀ ਰਹਿਣ ਦਾ ਪਰਣ ਕਰ ਲਿਆ। ਫਲਸਰੂਪ ਉਸ ਲਹਿਰ ਨੂੰ ਬਹੁਤ ਵਡੀ ਢਾਅ ਲਗੀ ਹੈ। ਹੈਰਾਨੀ ਦੀ ਗਲ ਇਹ ਹੈ ਕਿ ਅਜਿਹੇ ਸਜਣ ਮਰਜੀਵੜੇ ਅਖਵਾਉਂਦੇ ਹਨ। ਇਹ ਮਰਜੀਵੜੇ ਕੇਵਲ ਅਤੇ ਕੇਵਲ ਪੁਜਾਰੀ ਵਰਗ ਲਈ ਕੰਮ ਕਰਦੇ ਹਨ। ਆਮ ਕਰਾਂਤੀਕਾਰੀ ਗਿਆਨੀ ਧਿਆਨੀ ਇਹ ਕੁਝ ਕਰਨਾ ਪਾਪ ਗਿਣਦੇ ਹਨ। ਇਹੀ ਇਕ ਕਾਰਣ ਹੈ ਕਿ ਸਿੱਖ ਸਮਾਜ ਵਿਚ ਐਨੀ ਗਿਰਾਵਟ ਆਈ ਹੈ। ਜਦ ਵੀ ਕੋਈ ਮਹਾਪੁਰਖ ਆਪਣੀ ਸੂਝ ਬੂਝ ਕਾਰਣ ਮਸ਼ਹੂਰ ਹੋ ਜਾਂਦਾ ਹੈ ਤਾਂ ਇਹ ਤਬਕਾ ਉਸਨੂੰ ਬਦਨਾਮ ਕਰਨ ਲਗ ਜਾਂਦਾ ਹੈ ਅਤੇ ਉਸਨੂੰ ਚਕ ਦੇਣਾ ਵਧੀਆ ਕਦਮ ਗਿਣਦਾ ਹੈ।

ਸਚ ਇਹ ਹੈ ਕਿ ਸਿੱਖੀ ਵਿਸ਼ਵਾਸ ਹਿੰਦੂ ਧਰਮ, ਦੇ ਅਨੁਆਈਆਂ ਵਿਚੋਂ ਹੀ ਪੈਦਾ ਹੋਇਆ ਸੀ। ਬਾਬਾ ਨਾਨਕ ਨੇ ਉਸ ਸਮੇ ਪ੍ਰਚਲਤ ਹਿੰਦੂ ਅਤੇ ਮੁਸਲਿਮ ਵਿਚਾਰਧਾਰਾ ਵਿਚ ਆਈਆਂ ਕੁਰੀਤੀਆਂ ਨੂੰ ਸੋਧਕੇ ਇਕ ਨਵੇਂ ਵਿਸ਼ਵਾਸ ਨੂੰ ਦ੍ਰਿੜ ਕੀਤਾ ਸੀ। ਵਹਿਮਾ ਭਰਮਾ ਨੂੰ ਖੰਡਤ ਕਰਕੇ ਆਪਣੀ ਤਰਕ ਨਾਲ ਸਚ ਨੂੰ ਉਜਾਗਰ ਕੀਤਾ ਸੀ। ਸਚ ਉਹ ਹੈ ਜਿਸ ਅਨੁਸਾਰ ਪ੍ਰਮਾਤਮਾ ਸਭ ਕੁਝ ਕਰਦਾ ਹੈ। ਪ੍ਰਮਾਤਮਾ ਸਭ ਦਾ ਪ੍ਰਿਤਪਾਲਕ ਹੈ। ਉਸਦੇ ਘਰ ਵਿਚ ਕੀਤੇ ਚੰਗੇ ਕੰਮਾ ਦੀ ਕਦਰ ਪੈਂਦੀ ਹੈ। ਸਭ ਤੋਂ ਵਧ ਕੀਮਤ ਉਸ ਕੰਮ ਦੀ ਪੈਂਦੀ ਹੈ ਜੋ ਜੀਵਾਂ ਦੇ ਹੱਕ ਵਿਚ ਕੀਤਾ ਗਿਆ ਹੋਵੇ ਜਾਂ ਕਿਸੇ ਦੇ ਭਲੇ ਲਈ ਕੀਤਾ ਹੋਵੇ। ਬਾਬਾ ਨਾਨਕ ਦੇ ਇਸ ਵਿਸ਼ਵਾਸ ਨੂੰ ਦਸ ਗੁਰੂਆਂ ਤਕ ਨੇ ਦ੍ਰਿੜ ਕੀਤਾ ਅਤੇ ਪ੍ਰਚਾਰਿਆ। ਦਸ ਗੁਰੂਆਂ ਤਕ ਦੇ ਡੇਰਿਆਂ ਦੀ ਤਰਜ ਉਪਰ ਹੀ ਅਜ ਤਕ ਸਾਧਾ ਦੇ ਡੇਰੇ ਚਲਦੇ ਆ ਰਹੇ ਹਨ। ਡੇਰੇ ਤੋਂ ਭਾਵ ਹੈ ਇਕ ਸੰਗਠਨ, ਇਕ ਸੰਪਰਦਾਏ ਜਾਂ ਇਕ ਮੱਤ। ਡੇਰੇ ਸ਼ਰਧਾਲੂਆਂ ਵਲੋਂ ਕੀਤੀ ਭੇਟ ਰਾਸ਼ੀ ਨਾਲ ਚਲਦੇ ਹਨ। ਚਾਹੇ ਕੋਈ ਬਿਜ਼ਨਸ ਅਦਾਰਾ ਹੈ ਜਾਂ ਕੋਈ ਧਾਰਮਿਕ ਅਦਾਰਾ ਹੈ ਪੈਸਾ ਪੈਦਾ ਕਰਨ ਲਈ ਹਮੇਸ਼ਾ ਉਪਰਾਲੇ ਕੀਤੇ ਜਾਂਦੇ ਹਨ ਤਾਂ ਜੋ ਪ੍ਰਬੰਧ ਵਿਚ ਕੋਈ ਕਮੀ ਨਾ ਰਹੇ। ਯਾਦ ਰਹੇ ਕਿ ਸਿੱਖਾ ਵਿਚ ਵੀ ਦਸਵੰਧ ਕਢਣ ਦਾ ਹੁਕਮ ਹੈ। ਗੁਰੂ ਸਾਹਿਬਾਂ ਨੇ ਮਾਇਆ ਇਕੱਠੀ ਕਰਨ ਲਈ ਮਸੰਦ ਸਿਸਟਮ ਚਾਲੂ ਕੀਤਾ ਸੀ ਜੋ ਭਰਿਸ਼ਟ ਹੋ ਜਾਣ ਕਾਰਣ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬੰਦ ਕੀਤਾ ਸੀ। ਹੁਕਮ ਕੀਤਾ ਸੀ ਕਿ ਇਹ ਮਾਇਆ ਖੁਦ ਸਿਧੀ ਅਨੰਦਪੁਰ ਸਾਹਿਬ ਆਕੇ ਭੇਟ ਕੀਤੀ ਜਾਇਆ ਕਰੇ।

ਦਾਨਰਾਸ਼ੀ ਪੈਦਾ ਕਰਨ ਲਈ ਜੋ ਤਰੀਕੇ ਹਿੰਦੂ ਧਰਮ ਨੇ ਅਪਨਾਏ ਸਨ, ਉਨ੍ਹਾ ਦੀ ਵਰਤੋਂ ਹਜਾਰਾ ਸਾਲਾ ਤੋਂ ਚਲਦੀ ਆ ਰਹੀ ਹੈ ਅਤੇ ਕਾਮਯਾਬੀ ਨਾਲ ਚਲ ਰਹੀ ਹੈ। ਇਕ ਤਰ੍ਹਾ ਨਾਲ ਉਸਤੋਂ ਵਧੀਆਂ ਸਾਧਨ ਕੋਈ ਹੋਰ ਹੈ ਹੀ ਨਹੀਂ। ਇਸ ਸਾਰੇ ਤੌਰ ਤਰੀਕਿਆਂ ਦੀ ਰੀੜ ਦੀ ਹੱਡੀ ਹੈ ਅੰਧਵਿਸ਼ਵਾਸ ਅਤੇ ਵਹਿਮ। ਜਿਨੀ ਦੇਰ ਅੰਧ ਵਿਸ਼ਵਾਸ ਬੰਦੇ ਵਿਚ ਨਾ ਹੋਵੇ ਜਾਂ ਕਿਸੇ ਵਹਿਮ ਦਾ ਸ਼ਿਕਾਰ ਨਾ ਹੋਵੇ ਉਨੀ ਦੇਰ ਉਸਦੀ ਜੇਬ ਵਿਚੋਂ ਮਾਇਆ ਕਢਵਾਉਣੀ ਬੜਾ ਮੁਛਕਿਲ ਕੰਮ ਹੈ। ਅੰਧ ਵਿਸ਼ਵਾਸ ਪੈਦਾ ਕਰਨ ਲਈ ਗੁਰੂ ਦਾ ਸ਼ਕਤੀਮਾਨ ਹੋਣਾ ਬੜਾ ਜਰੂਰੀ ਹੈ। ਜੇ ਗੁਰੂ ਆਮ ਇਨਸਾਨਾਂ ਵਰਗਾ ਹੈ ਤਾਂ ਕੌਣ ਪਿਛੇ ਲਗੇਗਾ। ਗੁਰੂ ਉਹੀ ਹੈ ਜੋ ਜਾਦੂ ਵਰਗਾ ਕੁਝ ਕਰ ਸਕਦਾ ਹੋਵੇ, ਜਿਸਦੇ ਬੋਲੇ ਸ਼ਬਦ ਸਚੇ ਹੁੰਦੇ ਹੋਣ ਜਾਂ ਗੁਰੂ ਉਹ ਹੈ ਜੋ ਮੰਗੀਆ ਮੁਰਾਦਾਂ ਪੂਰੀਆਂ ਕਰੇ। ਇਹ ਤਰੀਕਾ ਕੇਵਲ ਧਾਰਮਿਕ ਅਦਾਰੇ ਹੀ ਨਹੀਂ ਸਗੋਂ ਸਭ ਤਰ੍ਹਾ ਦੇ ਅਦਾਰੇ ਇਸਤੇਮਾਲ ਕਰਦੇ ਹਨ। ਬਿਜ਼ਨਸ ਅਦਾਰੇ ਅੱਨ੍ਹਾ ਪੈਸਾ ਖਰਚਕੇ ਆਪਣੀ ਮਸ਼ਹੂਰੀ ਕਰਦੇ ਹਨ।ਅਜ ਦੀ ਇਸ਼ਤਿਹਾਰਬਾਜੀ ਇਕ ਅੰਧਵਿਸ਼ਵਾਸ ਪੈਦਾ ਕਰਨ ਲਈ ਹੀ ਤਾਂ ਕੀਤੀ ਜਾਂਦੀ ਹੈ। ਅਜ ਦਾ ਰਾਜਨੀਤਕ ਵੀ ਇਹੀ ਕੁਝ ਕਰ ਰਿਹਾ ਹੈ। ਦੂਸਰਿਆਂ ਨੂੰ ਨਿੰਦਕੇ, ਨੀਚੇ ਲਗਾਕੇ ਆਪਣੇ ਹਕ ਵਿਚ ਕਰਨ ਲਈ ਝੂਠੇ ਵਾਇਦੇ ਕਰਦਾ ਹੈ। ਮੈਨੂੰ ਵੋਟ ਪਾਓਗੇ ਤਾਂ ਮੈਂ ਆ ਕਰ ਦਿਆਗਾ ਅਤੇ ਉਹ ਕਰ ਦਿਆਂਗਾ। ਜਿਸਨੂੰ ਅਸੀਂ ਮੋਦੀ ਲਹਿਰ ਕਹਿੰਦੇ ਹਾਂ ਜਾਂ ਕੇਜਰੀਵਾਲ ਲਹਿਰ ਕਹਿੰਦੇ ਹਾਂ, ਉਸਦਾ ਅਧਾਰ ਅੰਧਵਿਸ਼ਵਾਸ ਹੀ ਤਾਂ ਹੁੰਦਾ ਹੈ।

ਭਾਈ ਰਣਜੀਤ ਸਿੰਘ ਸਾਹਿਬ ਗੁਰਬਾਣੀ ਦਾ ਸਹਾਰਾ ਲੈਕੇ ਆਪਣੇ ਤਰਕ ਨਾਲ ਮਾਜੂਦਾ ਸਿੱਖੀ ਨੂੰ ਗਲਤ ਕਹਿ ਰਹੇ ਹਨ।ਇਹੀ ਤਰਕ ਦਸਾਂ ਪਾਤਸ਼ਾਹੀਆਂ ਤਕ ਦਿਤਾ ਜਾਂਦਾ ਰਿਹਾ ਸੀ। ਪਰ ਲੋਕਾਂ ਮੰਨਿਆ ਕੋਈ ਨਾ। ਇਕ ਤਰਫ ਗੁਰੂਆਂ ਦੀ ਤਰਕ ਅਤੇ ਦੂਸਰੀ ਤਰਫ ਹਿੰਦੂ ਫਲਾਸਫੀ ਦਾ ਹਜਾਰਾਂ ਸਾਲਾ ਤੋਂ ਖੂਨ ਵਿਚ ਰਚੇ ਹੋਣਾ ਇਕ ਮਹਤਵਪੂਰਣ ਕਾਰਣ ਸਨ। ਜੇ ਗੁਰੂਆਂ ਦੇ ਦਿਤੇ ਉਪਦੇਸਾਂ ਨਾਲ ਲੋਕ ਸਹਿਮਤ ਹੋ ਜਾਂਦੇ ਤਾਂ ਅਜ ਤਕ ਸਭ ਸਿੱਖ ਤਰਕਸ਼ੀਲ ਬਣ ਗਏ ਹੁੰਦੇ। ਹੋਇਆ ਉਲਟਾ,ਸਗੋਂ ਪੱਕੇ ਅੰਧਵਿਸ਼ਵਾਸੀ ਬਣ ਗਏ ਹਨ। ਵਿਪਰਵਾਦ ਜਿਸਨੂੰ ਨਿੰਦਿਆ ਜਾਂਦਾ ਹੈ, ਉਸਦੀ ਜਕੜ ਜਿਨੀ ਸਿੱਖ ਸਮਾਜ ਉਪਰ ਹੈ, ਉਨ੍ਹੀ ਸ਼ਾਇਦ ਦੂਸਰਿਆ ਵਿਚ ਨਹੀਂ। ਵਹਿਮਾ ਭਰਮਾਂ ਵਿਚ ਨਿਪੁਨ, ਗੋਲਕਾਂ ਦੇ ਪਕੇ ਕਾਰੀਗਰ ਅਤੇ ਛੂਆ ਛੂਤ ਜਾਂ ਜਾਤੀਵਾਦ ਦੇ ਪੂਰੇ ਧਾਰਨੀ। ਸੋਚਣ ਵਾਲੀ ਗਲ ਹੈ, ਜੇ ਗੁਰੂ ਨੂੰ ਆਪਣੇ ਵਰਗਾ ਹੀ ਮੰਨ ਲਿਆ ਜਾਵੇ ਤਾਂ ਉਸ ਵਾਸਤੇ ਸ਼ਰਧਾ ਕਿਵੇਂ ਬਣੇਗੀ। ਸਭ ਦੇ ਵਿਚ ਪ੍ਰਮਾਤਮਾ ਦਾ ਵਾਸਾ ਹੈ। ਬੜਾ ਚੰਗਾ ਲਗਦਾ ਹੈ ਸੁਣਨ ਲਈ ਪਰ ਇਸ ਵਿਸ਼ਵਾਸ ਨੂੰ ਅਪਨਾਉਂਦਾ ਕੌਣ ਹੈ। ਹਰ ਬੰਦਾ ਆਪਣੇ ਵਾਸਤੇ ਦੂਸਰੇ ਦਾ ਸਹਾਰਾ ਭਾਲਦਾ ਹੈ। ਡਾਕਟਰ, ਵਕੀਲ, ਬਿਜ਼ਨਸ ਅਦਾਰੇ ਚਲਦੇ ਹੀ ਨਾ ਜੇ ਹਰ ਕੋਈ ਆਪਣੇ ਵਾਸਤੇ ਖੁਦ ਸਭ ਕੁਝ ਕਰ ਲੈਣ ਯੋਗ ਹੁੰਦਾ ਤਾਂ। ਗਿਆਨ ਦੇ ਇਸ ਚਾਨਣ ਵਿਚ ਸੰਤ ਰਣਜੀਤ ਸਿੰਘ ਜੀ ਦਾ ਸਟੈਂਡ ਹੈ ਬਿਲਕੁਲ ਸੱਚਾ ਪੱਕਾ ਪਰ ਬਿਖੜਾ ਪੈਂਡਾ ਹੈ ਜਿਸ ਉਪਰ ਉਹ ਤੁਰ ਪਏ ਹਨ।

ਸਿਖੀ ਸਿਧਾਂਤ ਮੁਤਾਬਿਕ ਕਚੀ ਬਾਣੀ ਉਸਨੂੰ ਕਹਿੰਦੇ ਹਨ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹੈ। ਕਿਸੇ ਹੋਰ ਦੀ ਗੁਰਬਾਣੀ ਵਰਗੀ ਰਚੀ ਕਵਿਤਾ ਹੈ। ਕਟੜਪੰਥੀ ਕਹਿੰਦੇ ਹਨ ਸਿੱਖ ਪ੍ਰਚਾਰਕਾ ਨੂੰ ਕੇਵਲ ਅਤੇ ਕੇਵਲ ਗੁਰਬਾਣੀ ਦੀਆਂ ਹੀ ਮਿਸਾਲਾਂ ਦੇਣੀਆਂ ਚਾਹੀਦੀਆਂ ਹਨ। ਜਿਹੜਾ ਕੀਰਤਨੀਆਂ ਸਟੇਜ ਤੋਂ ਗੁਰਬਾਣੀ ਸ਼ਬਦ ਤੋਂ ਬਿਨਾ ਕਿਸੇ ਹੋਰ ਕਵਿਤਾ ਦਾ ਗਾਇਨ ਕਰਦਾ ਹੈ, ਉਹ ਕਚੀ ਬਾਣੀ ਪੜ੍ਹਦਾ ਹੈ। ਅਜਿਹੇ ਪ੍ਰਚਾਰਕ ਦੀ ਨਿੰਦਾ ਕੀਤੀ ਜਾਂਦੀ ਹੈ। ਨਿੰਦਾ ਕਰਨ ਵਾਲੇ ਕੇਵਲ ਕਟੜਪੰਥੀ ਸਿੱਖ ਹੀ ਹੁੰਦੇ ਹਨ। ਵਰਨਾ ਗੁਰਦੁਆ-ਰਿਆ ਦੀਆਂ ਸਟੇਜਾਂ ਉਪਰ ਕਵੀਸ਼ਰ ਅਤੇ ਢਾਡੀ ਆਮ ਹੀ ਕਚੀ ਬਾਣੀ ਪੜ੍ਹਦੇ ਹਨ। ਸੰਤ ਸਿੰਘ ਮਸਕੀਨ ਵਰਗੇ ਅਨੇਕਾਂ ਕਥਾਕਾਰ ਮਹਾਂਪਰਸ਼, ਉਰਦੂ ਫਨਕਾਰਾਂ ਦੀ ਰਚੀ ਕਵਿਤਾ ਦੇ ਅੰਸ਼ ਪੇਸ਼ ਕਰਦੇ ਹਨ ਆਪਣੀ ਗਲ ਨੂੰ ਭਾਵਪੂਰਣ ਬਣਾਉਣ ਵਾਸਤੇ। ਇਸੇ ਤਰ੍ਹਾ ਦੀ ਦਲੀਲ ਗੁਰਬਾਣੀ ਪ੍ਰਤੀ ਇਕ ਹੋਰ ਦਿਤੀ ਜਾਂਦੀ ਹੈ ਕਿ ਜੋ ਗਲ ਗੁਰਬਾਣੀ ਵਿਚ ਦਰਜ ਹੈ ਉਹ ਸਚ ਹੈ ਅਤੇ ਜੋ ਨਹੀਂ ਦਰਜ ਉਹ ਇਕ ਸਿੱਖ ਵਾਸਤੇ ਸਚ ਨਹੀਂ ਹੈ। ਇਸੇ ਦਲੀਲ ਨਾਲ ਕਿਹਾ ਜਾਂਦਾ ਹੈ ਕਿ ਸਿੱਖੀ ਵਿਚ ਜਾਦੂ ਵਰਗੇ ਕੌਤਕ ਜਾਂ ਕ੍ਰਿਸ਼ਮੇ ਕੋਈ ਜਗਾਹ ਨਹੀਂ ਰਖਦੇ। ਭੂਤ ਪ੍ਰੇਤ ਅਤੇ ਚੁੜੇਲਾਂ ਦੀ ਕੋਈ ਅਸਲੀਅਤ ਨਹੀਂ ਹੈ। ਨਰਕ ਸਵਰਗ ਕੋਈ ਨਹੀਂ ਹੁੰਦੇ।

ਇਸ ਸੰਧਰਬ ਵਿਚ ਇਹਦਸਣਾ ਬਣਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ 15 ਭੱਗਤਾਂ ਦੀ ਬਾਣੀ ਦਰਜ ਹੈ। ਤਕਰੀਬਨ ਸਭ ਅੰਕਤ ਭਗਤ ਜਨ ਇਸ ਲਈ ਮਸ਼ਹੂਰ ਹੋਏ ਸਨ ਕਿ ਉਨ੍ਹਾ ਨਾਲ ਪ੍ਰਮਾਤਮਾ ਵਲੋਂ ਕੋਈ ਨਾ ਕੋਈ ਅਲੋਕਾਰੀ ਕੌਤਕ ਹੋਏ। ਕਿਸੇ ਨੂੰ ਪੱਥਰਾਂ ਵਿਚੋਂ ਪੈਦਾ ਹੋਕੇ ਰੱਬ ਨੇ ਰੱਖੇ ਗਏ ਦੁਧ ਨੂੰ ਭੋਗ ਲਗਾਇਆ। ਕਿਸੇ ਦੀ ਮਰੀ ਗਊ ਪ੍ਰਮਾਤਮਾ ਨੂੰ ਜਿੰਦਾ ਕਰਨੀ ਪਈ ਆਪਣੇ ਭਗਤ ਦੀ ਰੱਖਸ਼ਾ ਕਰਨ ਲਈ। ਕਿਸੇ ਨੂੰ ਹਾਥੀ ਮੂਹਰੇ ਮਰਨ ਲਈ ਸੁਟਿਆ ਪਰ ਹਾਥੀ ਨੇ ਕੁਝ ਨਾ ਕੀਤਾ। ਕਿਸੇ ਨੂੰ 72 ਵਾਰੀ ਭਗਵਾਨ ਨੇ ਦਰਸ਼ਣ ਦਿਤੇ। ਇਹ ਸਭ ਵਾਕਿਆਤ ਗੁਰਬਾਣੀ ਵਿਚ ਦਰਜ ਹਨ। ਇਸਦਾ ਮਤਲਬ ਹੈ ਕਿ ਇਹ ਸਭ ਕੁਝ ਸਚ ਸੀ। ਇਹ ਤਾਂ ਫਿਰ ਸਭ ਕੁਝਕੌਤਕ ਜਾਂ ਜਾਦੂ ਵਰਗਾਹੀ ਹੋਇਆ ਸੀ। ਇਸੇ ਤਰ੍ਹਾ ਸਿੱਖ ਸਜਣ ਇਹ ਵੀ ਕਹਿੰਦੇ ਹਨ ਕਿ ਭੂਤ ਪ੍ਰੇਤ ਕੋਈ ਨਹੀਂ ਹੁੰਦੇ। ਇਹ ਸਭ ਕੁਝ ਵਹਿਮ ਦੀ ਉਪਜ ਹਨ। ਪਰ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀਂ ਦਸਵੀਂ ਅਸ਼ਟਪਦੀ ਵਿਚ ਜੀਵਾਂ ਦੀਆਂ ਕਿਸਮਾ ਅਤੇ ਬ੍ਰਹਿਮੰਡ ਦਾ ਵਰਨਣ ਕਰਦੇ ਹੋਇਆ ਲਿਖਿਆ ਹੈ 'ਕਈ ਕੋਟ ਭੂਤ ਪ੍ਰੇਤ ਸੂਕਰ ਮ੍ਰਿਗਾਚ' ਹੁੰਦੇ ਹਨ। ਫਿਰ ਤਾਂ ਭੁਤ ਚੁੜੇਲਾਂ ਵੀ ਸਚ ਹਨ। 'ਕਈ ਕੋਟ ਪਾਤਾਲ ਕੇ ਵਾਸੀ ਕਈ ਕੋਟ ਨਰਕ ਸੁਰਗ ਨਿਵਾਸੀ'। ਯਾਨੀ ਨਰਕ ਸੁਰਗ ਅਤੇ ਪਾਤਾਲ ਵੀ ਹੁੰਦੇ ਹਨ। ਇਨ੍ਹਾ ਸੱਚਾ ਦੇ ਚਲਦਿਆ ਭਾਈ ਰਣਜੀਤ ਸਿੰਘ ਲਈ ਪੈਦਾ ਹੋ ਚੁਕੇ ਹਾਲਾਤਬਹੁਤ ਮੁਸ਼ਕਿਲ ਸਮਾ ਹੈ। । ਪਰਮਾਤਮਾ ਉਨ੍ਹਾ ਨੂੰ ਹਿੰਮਤ ਦੇਵੇ, ਸਾਡੀ ਅਰਦਾਸ ਹੈ।




## ਵਿਆਹ ਤੋਂ ਮਸਾਂ ਦੋ ਦਿਨ ਪਹਿਲਾਂ ਪ੍ਰੇਮ ਸੰਬੰਧਾਂ ਕਾਰਨ ਨੌਜਵਾਨ ਦਾ ਕਤਲ

ਸੁਨਾਮ (ਊਧਮ ਸਿੰਘ ਵਾਲਾ), 27 ਫਰਵਰੀ (ਪੋਸਟ ਬਿਊਰੋ)- ਇਥੋਂ ਦੀ ਸਾਈਂ ਕਲੋਨੀ ਵਿੱਚ ਪ੍ਰੇਮ ਸੰਬੰਧਾਂ ਦੇ ਕਾਰਨ ਇੱਕ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ। ਮ੍ਰਿਤਕ ਨੌਜਵਾਨ ਦਾ ਦੋ ਦਿਨਾਂ ਬਾਅਦ ਵਿਆਹ ਹੋਣਾ ਸੀ।

ਇਸ ਬਾਰੇ ਥਾਣਾ ਸਿਟੀ ਸੁਨਾਮ ਦੇ ਮੁਖੀ ਸਬ ਇੰਸਪੈਕਟਰ ਦਰਸ਼ਨ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਕੱਲ੍ਹ ਸੂਚਨਾ ਮਿਲੀ ਸੀ ਕਿ ਇਥੇ ਸਾਈਂ ਕਲੋਨੀ ਵਿੱਚ ਕਾਜ਼ੀ ਮਾਜੀ ਕੋਲ ਇੱਕ ਨੌਜਵਾਨ ਦੀ ਲਾਸ਼ ਪਈ ਹੈ। ਇੱਕ ਨੌਜਵਾਨ ਦੀ ਇਹ ਲਾਸ਼ ਇੱਕ ਦਰੱਖਤ ਹੇਠਾਂ ਪਈ ਸੀ ਤੇ ਦਰੱਖਤ ਨਾਲ ਇੱਕ ਰੱਸੀ ਲਟਕ ਰਹੀ ਸੀ। ਸਬ ਇੰਸਪੈਕਟਰ ਦਰਸ਼ਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਸੁਖਬੀਰ ਸਿੰਘ ਦੀ ਮਾਤਾ ਹਰਦੀਪ ਕੌਰ ਪਤਨੀ ਸੁਖਚੈਨ ਸਿੰਘ ਪੁਲਸ ਨੂੰ ਦੱਸਿਆ ਕਿ ਕਿ ਉਸ ਦੇ ਪੁੱਤਰ ਨੂੰ ਕਲੋਨੀ ਦੀ ਸਰਬਜੀਤ ਕੌਰ ਨਾਂਅ ਦੀ ਔਰਤ ਨੇ ਪ੍ਰੇਮ ਜਾਲ ਵਿੱਚ ਫਸਾਇਆ ਹੋਇਆ ਸੀ। ਸੁਖਬੀਰ ਸਿੰਘ (25) ਦਾ ਵਿਆਹ ਕਿਸੇ ਹੋਰ ਥਾਂ ਹੋਣਾ ਤੈਅ ਸੀ ਜਿਸ ਤੋਂ ਸਰਬਜੀਤ ਕੌਰ ਨਾਖੁਸ਼ ਸੀ। ਉਨ੍ਹਾਂ ਕਿਹਾ ਕਿ ਉਕਤ ਔਰਤ ਨੇ ਕਿਸੇ ਹੋਰ ਲੜਕੇ ਨਾਲ ਵੀ ਨਾਜਾਇਜ਼ ਸੰਬੰਧ ਬਣਾ ਲਏ ਸਨ ਤੇ ਉਹ ਮੇਰੇ ਪੁੱਤਰ ਨੂੰ ਕੁਝ ਦਿਨ ਪਹਿਲਾਂ ਸਾਡੇ ਘਰ ਆ ਕੇ ਕੁੱਟ ਗਏ ਸਨ। ਮ੍ਰਿਤਕ ਨੌਜਵਾਨ ਦੀ ਮਾਤਾ ਦੇ ਬਿਆਨ ਉੱਤੇ ਅਮਨ, ਗੱਗੂ ਅਤੇ ਉਨ੍ਹਾਂ ਦੀ ਮਾਤਾ ਸਰਬਜੀਤ ਕੌਰ ਅਤੇ ਅੰਕਿਤ ਸ਼ਰਮਾ ਵਿਰੁੱਧ ਕੇਸ ਦਰਜ ਕਰ ਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਮਾਤਾ ਅਨੁਸਾਰ ਸੁਖਬੀਰ ਸਿੰਘ ਦਾ 28 ਫਰਵਰੀ ਨੂੰ ਵਿਆਹ ਰੱਖਿਆ ਹੋਇਆ ਸੀ।

## ਨਵਜੋਤ ਸਿੱਧੂ ਦੀ ਗੈਰ ਹਾਜ਼ਰੀ ਵਿੱਚ ਸਰਕਾਰੀਆ ਤੇ ਵਿਰੋਧੀ ਧਿਰ ਵੱਲੋਂ ਸਿੱਧੂ ਉੱਤੇ ਵਾਰ

ਜਲੰਧਰ, 27 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੰਤਰੀ ਤੇ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਦੀ ਗੈਰ ਹਾਜ਼ਰੀ ਵਿੱਚ ਹਾਕਮ ਧਿਰ ਕਾਂਗਰਸ ਅਤੇ ਵਿਰੋਧੀ ਧਿਰ ਦੋਵਾਂ ਦੇ ਮੈਂਬਰਾਂ ਨੇ ਵਿਧਾਨ ਸਭਾ ਵਿੱਚ ਸਿੱਧੂ ਉਤੇ ਚੁਣ-ਚੁਣ ਕੇ ਤਿੱਖੇ ਵਾਰ ਕੀਤੇ, ਪਰ ਇਸ ਦਾ ਜਵਾਬ ਦੇਣ ਵਾਲਾ ਕੋਈ ਨਹੀਂ ਸੀ।



ਕੈਬਨਿਟ ਮੰਤਰੀ ਸੁਖਵਿੰਦਰ ਸਿੰਘ ਸਰਕਾਰੀਆ ਨੇ ਮਾਈਨਿੰਗ ਪਾਲਿਸੀ ਦੀ ਚਰਚਾ ਦੌਰਾਨ ਸਿੱਧੂ ਵੱਲੋਂ ਲਿਆਂਦੀ ਗਈ ਮਾਈਨਿੰਗ ਪਾਲਿਸੀ ਨੂੰ ਫਜ਼ੂਲ ਕਿਹਾ ਤਾਂ ਆਮ ਆਦਮੀ ਪਾਰਟੀ ਵਾਲਿਆਂ ਨੇ ਸਰਕਾਰ ਕੋਲੋਂ ਨਵਜੋਤ ਸਿੰਘ ਸਿੱਧੂ ਦੀ ਤੇਲੰਗਾਨਾ ਮਾਈਨਿੰਗ ਪਾਲਿਸੀ ਸਦਨ ਵਿੱਚ ਰੱਖਣ ਦੀ ਗੱਲ ਕਹੀ। ਅਕਾਲੀ ਦਲ ਨੇ ਵੀ ਇਸ 'ਤੇ ਟਿੱਪਣੀ ਕੀਤੀ ਤੇ ਸਵਾਲਾਂ ਵਿੱਚ ਅੰਮ੍ਰਿਤਸਰ ਵਿੱਚ ਦੁਸਹਿਰੇ ਮੌਕੇ ਵਾਪਰੇ ਰੇਲ ਹਾਦਸੇ ਬਾਰੇ ਸਵਾਲ ਕਰ ਦਿੱਤਾ।

ਕੱਲ੍ਹ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਜ਼ੀਰੋ ਆਵਰ ਦੌਰਾਨ ਇੱਕ ਸਵਾਲ ਦੇ ਜਵਾਬ ਵਿੱਚ ਜਲ ਸਰੋਤ ਮੰਤਰੀ ਸੁਖਵਿੰਦਰ ਸਿੰਘ ਸਰਕਾਰੀਆ ਨੇ ਮਾਈਨਿੰਗ ਪਾਲਿਸੀ ਬਾਰੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਜਿਹੜੀ ਤੇਲੰਗਾਨਾ ਮਾਈਨਿੰਗ ਪਾਲਿਸੀ ਲਿਆਏ ਸਨ, ਉਹ ਫਜ਼ੂਲ ਸੀ। ਉਸ ਦੀ ਘੋਖ ਕੀਤੀ ਗਈ ਸੀ, ਪਰ ਜਿਵੇਂ ਸਿੱਧੂ ਨੇ ਦਾਅਵੇ ਕੀਤੇ ਸਨ, ਅਜਿਹਾ ਕੁਝ ਨਜ਼ਰ ਨਹੀਂ ਆਇਆ। ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਤਿੰਨ ਸਾਲ ਹੋ ਗਏ ਹਨ, ਪਰ ਮਾਈਨਿੰਗ ਬਾਰੇ ਹਾਲਾਤ ਅਜੇ ਵੀ ਪਹਿਲਾਂ ਵਾਂਗ ਹਨ। ਉਨ੍ਹਾਂ ਕਿਹਾ ਕਿ ਇਹ ਅਫਸੋਸ ਦੀ ਗੱਲ ਹੈ ਕਿ ਮਾਈਨਿੰਗ ਦੇ ਮੁੱਦੇ 'ਤੇ ਸੱਤਾ ਧਿਰ ਕਾਂਗਰਸ ਦੇ ਆਪਣੇ ਵਿਧਾਇਕ ਨੂੰ ਆਪਣੀ ਗੱਲ ਮਨਵਾਉਣ ਲਈ ਕੁਰਬਾਨੀ ਦੇਣ ਦੀ ਗੱਲ ਸਦਨ ਵਿੱਚ ਕਰਨੀ ਪਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਨਾਜਾਇਜ਼ ਮਾਈਨਿੰਗ ਰੋਕਣ ਅਤੇ ਮਾਈਨਿੰਗ ਰਾਹੀਂ ਸੂਬੇ ਦੀ ਆਮਦਨ ਵਿੱਚ ਵਾਧੇ ਲਈ ਕਮੇਟੀ ਬਣਾਈ ਸੀ, ਜਿਸ ਵਿੱਚ ਸਾਲਾਨਾ ਚਾਰ ਹਜ਼ਾਰ ਕਰੋੜ ਰੁਪਏ ਦੀ ਆਮਦਨ ਦੇ ਵੱਡੇ ਦਾਅਵੇ ਕੀਤੇ ਗਏ ਸਨ। ਉਸ ਰਿਪੋਰਟ ਨੂੰ ਸਦਨ ਵਿੱਚ ਕਿਉਂ ਪੇਸ਼ ਨਹੀਂ ਕੀਤਾ ਗਿਆ। ਇਸ 'ਤੇ ਸਰਕਾਰੀਆ ਨੇ ਕਿਹਾ ਕਿ ਜਦੋਂ ਇਹ ਕਮੇਟੀ ਬਣੀ ਸੀ, ਉਦੋਂ ਵਿਭਾਗ ਉਨ੍ਹਾਂ ਕੋਲ ਨਹੀਂ ਸੀ। ਇਸ ਕਮੇਟੀ ਵਿੱਚ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਮੰਤਰੀ ਨਵਜੋਤ ਸਿੰਘ ਸਿੱਧੂ ਸ਼ਾਮਲ ਸਨ।

## ਮੁਫਤ ਸਮਾਰਟ ਫੋਨਾਂ ਅੱਗੇ ਕੋਰੋਨਾ ਵਾਇਰਸ ਦੇ ਅੜਿੱਕੇ ਬਾਰੇ ਵਿਧਾਨ ਸਭਾ ਵਿੱਚ ਚਰਚਾ

ਚੰਡੀਗੜ੍ਹ, 27 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਨੌਜਵਾਨਾਂ ਨੂੰ ਮਿਲਣ ਵਾਲੇ ਮੁਫਤ ਸਮਾਰਟ ਫੋਨਾਂ ਮੂਹਰੇ ਕਰੋਨਾ ਵਾਇਰਸ ਦਾ ਅੜਿੱਕਾ ਲੱਗ ਗਿਆ ਹੈ, ਜਿਸ ਦੀ ਚਰਚਾ ਪੰਜਾਬ ਵਿਧਾਨ ਸਭਾ ਵਿੱਚ ਵੀ ਹੋਈ ਹੈ।



ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਗਵਰਨਰ ਦੇ ਭਾਸ਼ਣ 'ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਚੀਨ ਤੋਂ ਸਮਾਰਟ ਫੋਨ ਲਿਆਉਣ ਦਾ ਅਰਡਰ ਦਿੱਤਾ ਜਾ ਚੁੱਕਾ ਹੈ, ਪਰ ਕੋਰੋਨਾ ਵਾਇਰਸ ਫੈਲਣ ਕਾਰਨ ਡਲਿਵਰੀ ਵਿੱਚ ਦੇਰੀ ਹੋ ਰਹੀ ਹੈ। ਜਦੋਂ ਚੀਨ ਪੰਜਾਬ ਵਿੱਚ ਸਮਾਰਟ ਫੋਨ ਭੇਜਣ ਦੇ ਯੋਗ ਹੋ ਜਾਵੇਗਾ, ਉਸ ਤੋਂ ਬਾਅਦ ਪੰਜਾਬ ਸਰਕਾਰ ਆਪਣੇ ਵਾਅਦੇ ਅਨੁਸਾਰ ਇਹ ਫੋਨ ਵੰਡ ਦੇਵੇਗੀ। ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਕਿ ਖੇਪ ਮਿਲਦੇ ਸਾਰ ਹੀ ਫੋਨ ਸਪਲਾਈ ਕਰ ਦਿੱਤੇ ਜਾਣਗੇ। ਵਿਰੋਧੀ ਪਾਰਟੀਆਂ ਨੇ ਵਿਧਾਨ ਸਭਾ ਵਿੱਚ ਇਸ ਮੁੱਦੇ ਤੋਂ ਸਰਕਾਰ ਉੱਤੇ ਸਿੱਧਾ ਹਮਲਾ ਬੋਲਿਆ। ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਦੇ ਵਿਧਾਇਕਾਂ ਨੇ ਸਪੀਕਰ ਤੋਂ ਮੁੱਖ ਮੰਤਰੀ ਦੇ ਜਵਾਬ 'ਤੇ ਆਪਣੀ ਗੱਲ ਕਹਿਣ ਲਈ ਸਮਾਂ ਮੰਗਿਆ ਤਾਂ ਸਪੀਕਰ ਨੇ ਉਨ੍ਹਾਂ ਦੀ ਗੱਲ ਅਣਗੌਲੀ ਕਰ ਦਿੱਤੀ। ਇਸ ਉੱਤੇ ਆਪ ਅਤੇ ਅਕਾਲੀ-ਭਾਜਪਾ ਵਿਧਾਇਕਾਂ ਨੇ ਵੈਲ 'ਚ ਆ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਅਤੇ ਸਦਨ ਤੋਂ ਵਾਕਆਊਟ ਕੀਤਾ। ਅਕਾਲੀ ਵਿਧਾਇਕ ਦਲ ਦੇ ਨੇਤਾ ਸ਼ਰਨਜੀਤ ਸਿੰਘ ਢਿੱਲੋਂ ਨੇ ਸਦਨ ਦੇ ਬਾਹਰ ਕਿਹਾ ਕਿ ਸਰਕਾਰ ਸਮਾਰਟ ਫੋਨ ਬਾਰੇ ਐਵੇਂ ਬਹਾਨੇ ਬਣਾ ਰਹੀ ਹੈ। ਕੋਰੋਨਾ ਵਾਇਰਸ ਦਾ ਡਰ ਪੈਦਾ ਇਸ ਲਈ ਕੀਤਾ ਗਿਆ ਹੈ ਕਿ ਪੰਜਾਬ ਵਿੱਚ ਮੋਬਾਈਲ ਫੋਨਾਂ ਦੀ ਗੱਲ ਹੀ ਨਾ ਉਠੇ।

## ਸਿੱਖ ਭਾਈਚਾਰਾ ਦਿੱਲੀ ਹਿੰਸਾ ਦੇ ਪੀੜਤਾਂ ਦੀ ਮਦਦ ਲਈ ਅੱਗੇ ਆਵੇ: ਜਥੇਦਾਰ ਹਰਪ੍ਰੀਤ


ਅੰਮ੍ਰਿਤਸਰ, 27 ਫਰਵਰੀ (ਪੋਸਟ ਬਿਊਰੋ)- ਦਿੱਲੀ ਵਿੱਚ ਵਾਪਰੀਆਂ ਹਿੰਸਕ ਘਟਨਾਵਾਂ ਦਰਮਿਆਨ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਲੀ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਆਖਿਆ ਹੈ ਕਿ ਉਹ ਇਸ ਦੁੱਖ ਦੀ ਘੜੀ ਵਿੱਚ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਉਣ।



ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਲੀ ਦੀਆਂ ਘਟਨਾਵਾਂ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਉਥੋਂ ਦੇ ਹਾਲਾਤ ਨਾਜ਼ੁਕ ਹਨ। ਇਸ ਸਥਿਤੀ ਵਿੱਚ ਸਿੱਖਾਂ ਨੂੰ ਪੀੜਤਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਆਖਿਆ, ''ਦਿੱਲੀ ਦੇ ਸਮੂਹ ਗੁਰਦੁਆਰਿਆਂ ਦੇ ਪ੍ਰਬੰਧਕ ਦੁੱਖ ਦੀ ਘੜੀ ਵਿੱਚ ਪੀੜਤਾਂ ਦੀ ਮਦਦ ਕਰਨ। ਇਹ ਮਦਦ ਬਿਨਾਂ ਕਿਸੇ ਭੇਦ-ਭਾਵ ਦੇ ਕੀਤੀ ਜਾਵੇ, ਭਾਵ ਪੀੜਤ ਹਿੰਦੂ ਹੋਵੇ ਜਾਂ ਮੁਸਲਮਾਨ, ਹਰ ਕਿਸੇ ਦੀ ਮਦਦ ਕੀਤੀ ਜਾਵੇ।'' ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਦੇ ਪ੍ਰਬੰਧਕ ਪੀੜਤਾਂ ਨੂੰ ਸ਼ਰਨ ਦੇਣ ਅਤੇ ਲੰਗਰ ਦਾ ਪ੍ਰਬੰਧ ਕਰਨ। ਬੱਚਿਆਂ ਤੇ ਔਰਤਾਂ ਦੀ ਸੁਰੱਖਿਆ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਪਾਕਿਸਤਾਨ ਦੇ ਦੌਰੇ ਤੋਂ ਕੱਲ੍ਹ ਪਰਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਹਿਲਾਂ ਵੀ ਹਿੰਸਕ ਘਟਨਾਵਾਂ ਦੀ ਨਿੰਦਾ ਕੀਤੀ ਸੀ। ਉਹ ਇਸ ਤੋਂ ਪਹਿਲਾਂ ਨਾਗਰਿਕਤਾ ਸੋਧ ਕਾਨੂੰਨ ਵਿੱਚ ਸਾਰੇ ਭਾਈਚਾਰਿਆਂ ਨੂੰ ਸ਼ਾਮਲ ਕਰਨ ਬਾਰੇ ਵੀ ਆਖ ਚੁੱਕੇ ਹਨ। ਉਨ੍ਹਾਂ ਆਖਿਆ ਸੀ ਕਿ ਨਾਗਰਿਕਤਾ ਸੋਧ ਕਾਨੂੰਨ ਵਿੱਚ ਧਰਮ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ ਹੈ।

## ਵਿਦੇਸ਼ ਭੇਜਣ ਦੇ ਨਾਂ 'ਤੇ 2180 ਲੱਖ ਰੁਪਏ ਦੀ ਠੱਗੀ

ਮੁਕਤਸਰ ਸਾਹਿਬ, 27 ਫਰਵਰੀ (ਪੋਸਟ ਬਿਊਰੋ)- ਆਸਟ੍ਰੇਲੀਆ ਦਾ ਸਪਾਊਸ ਵੀਜ਼ਾ ਲਗਵਾ ਕੇ ਦੇਣ ਦਾ ਝਾਂਸਾ ਦੇ ਕੇ ਕੁਝ ਲੋਕਾਂ ਨੇ ਪਿੰਡ ਜਗਤ ਸਿੰਘ ਵਾਲਾ ਦੇ ਇੱਕ ਵਿਅਕਤੀ ਨਾਲ 21 ਲੱਖ 80 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਛੇ ਲੋਕਾਂ ਵਿਰੁੱਧ ਕੇਸ ਦਰਜ਼ ਕਰ ਲਿਆ ਹੈ, ਪਰ ਗ੍ਰਿਫ਼ਤਾਰੀ ਅਜੇ ਬਾਕੀ ਹੈ। ਜਸਵਿੰਦਰ ਸਿੰਘ ਪੁੱਤਰ ਗੋਪਾਲ ਸਿੰਘ ਪਿੰਡ ਜਗਤ ਸਿੰਘ ਵਾਲਾ ਨੇ ਦੱਸਿਆ ਕਿ ਪਿੰਡ ਦੇ ਹਰਬੰਸ ਸਿੰਘ ਨੇ ਉਸ ਨੂੰ ਸਮਾਈਲ ਟਰਿਪ ਟਰੈਵਲ ਕੰਪਨੀ ਬਠਿੰਡਾ ਦੇ ਦਫ਼ਤਰ ਵਿੱਚ ਨਿੰਦਰਪਾਲ ਕੌਰ ਨਾਲ ਮਿਲਵਾਇਆ ਸੀ ਅਤੇ ਸਤੰਬਰ 2017 'ਚ ਹਰਬੰਸ ਸਿੰਘ ਤੇ ਨਿੰਦਰਪਾਲ ਕੌਰ ਨੇ ਉਸ ਨੂੰ ਕਿਹਾ ਕਿ ਉਹ ਉਸ ਨੂੰ ਆਸਟ੍ਰੇਲੀਆ ਦਾ ਸਟੱਡੀ ਵੀਜ਼ਾ ਲਵਾ ਕੇ ਭੇਜਣਗੇ, ਜਿਸ ਦਾ 23 ਲੱਖ ਰੁਪਏ ਖਰਚ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਉਹ ਉਸ ਦਾ ਕਿਸੇ ਚੰਗੇ ਬੈਂਡ ਵਾਲੀ ਲੜਕੀ ਨਾਲ ਵਿਆਹ ਕਰਵਾ ਦੇਣਗੇ ਤੇ ਲੜਕੀ ਦੇ ਰਾਹੀਂ ਉਸ ਨੂੰ ਆਸਟ੍ਰੇਲੀਆ ਪੱਕੇ ਤੌਰ 'ਤੇ ਭੇਜ ਦੇਣਗੇ। ਨਿੰਦਰ ਕੌਰ ਨੇ ਉਸ ਤੋਂ ਰਜਿਟ੍ਰੇਸ਼ਨ ਤੇ ਹੋਰ ਕੰਮਾਂ ਦਾ ਕਹਿ ਕੇ 2000, ਫਿਰ 60 ਹਜ਼ਾਰ, 35 ਹਜ਼ਾਰ ਅਤੇ 25 ਹਜ਼ਾਰ ਰੁਪਏ ਲੈ ਲਏ। 15 ਅਕਤੂਬਰ 2018 ਨੂੰ ਹਰਬੰਸ ਸਿੰਘ ਤੇ ਬਲਜਿੰਦਰ ਸਿੰਘ ਨੇ ਉਸ ਦਾ ਵਿਆਹ ਹਰਪ੍ਰੀਤ ਕੌਰ ਵਾਸੀ ਅਚਰਵਾਲ ਜ਼ਿਲ੍ਹਾ ਲੁਧਿਆਣਾ ਨਾਲ ਕਰਾ ਦਿੱਤਾ। ਉਸ ਨੇ ਦੱਸਿਆ ਕਿ ਨਿੰਦਰਪਾਲ ਕੌਰ, ਕਿਰਨਜੀਤ ਕੌਰ, ਪ੍ਰਿਤਪਾਲ ਸਿੰਘ ਤੇ ਜਸਵਿੰਦਰ ਸਿੰਘ ਨੇ ਸਾਜ਼ਿਸ਼ ਕਰ ਕੇ ਉਸਦਾ ਕੰਟਰੈਕਟ ਬੇਸ 'ਤੇ ਵਿਆਹ ਕਰਵਾ ਕੇ ਲੜਕੀ ਹਰਪ੍ਰੀਤ ਕੌਰ ਦਾ ਸੱਟਡੀ ਵੀਜ਼ਾ ਲਗਵਾ ਕੇ ਉਸ ਤੋਂ ਸਪਾਊਸ ਵੀਜ਼ਾ ਲਵਾ ਕੇ ਦੇਣ ਲਈ 21 ਲੱਖ 80 ਹਜ਼ਾਰ ਰੁਪਏ ਲੈ ਲਏ। ਉਨ੍ਹਾਂ ਲੋਕਾਂ ਨੇ ਨਾ ਪੈਸੇ ਮੋੜੇ ਤੇ ਨਾ ਅਸਟ੍ਰੇਲੀਆ ਦਾ ਵੀਜ਼ਾ ਲਵਾ ਕੇ ਦਿੱਤਾ।









## ਜ਼ਖ਼ਮੀਆਂ ਦੀ ਸੁਰੱਖਿਆ ਲਈ ਅੱਧੀ ਰਾਤ ਨੂੰ ਕੋਰਟ ਬੈਠੀ

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਦਿਲ ਦਹਿਲਾ ਦੇਣ ਵਾਲੀ ਦਿੱਲੀ ਦੀ ਹਿੰਸਾ 'ਚ ਕੁਝ ਘਟਨਾਵਾਂ ਅਜਿਹੀਆਂ ਵੀ ਹੋਈਆਂ ਹਨ, ਜਿਹੜੀਆਂ ਚੰਗੇ ਭਵਿੱਖ ਦੀ ਆਸ ਜਗਾਉਂਦੀਆਂ ਹਨ।

ਪਰਸੋਂ ਤੇ ਕੱਲ੍ਹ ਦੇ ਵਿਚਾਲੇ ਦੀ ਅੱਧੀ ਰਾਤ ਨੂੰ ਦਿੱਲੀ ਹਾਈ ਕੋਰਟ ਨੇ ਇੱਕ ਵਕੀਲ ਵੱਲੋਂ ਫੋਨ ਉਤੇ ਦਿੱਤੀ ਗਈ ਸੂਚਨਾ ਦੇ ਕੁਝ ਹੀ ਦੇਰ ਬਾਅਦ ਸੁਣਵਾਈ ਕੀਤੀ। ਜਸਟਿਸ ਐਸ ਮੁਰਲੀਧਰ ਅਤੇ ਜਸਟਿਸ ਏ ਜੇ ਭੰਭਾਨੀ ਦੇ ਬੈਂਚ ਨੇ ਜਸਟਿਸ ਮੁਰਲੀਧਰ ਦੀ ਰਿਹਾਇਸ਼ ਉਤੇ ਸੁਣਵਾਈ ਕਰਦੇ ਹੋਏ ਜ਼ਖ਼ਮੀਆਂ ਨੂੰ ਹਸਪਤਾਲ ਤੱਕ ਪਹੁੰਚਾਉਣ ਤੇ ਸੁਰੱਖਿਆ ਦੇਣ ਵਾਸਤੇ ਦੇਰ ਰਾਤ ਕਈ ਅਹਿਮ ਨਿਰਦੇਸ਼ ਦਿੱਤੇ। ਹਾਈ ਕੋਰਟ ਦੇ ਨਿਰਦੇਸ਼ ਦਾ ਅਸਰ ਸੀ ਕਿ ਅੱਧੀ ਰਾਤ ਸੁਣਵਾਈ ਜਦੋਂ ਚੱਲ ਰਹੀ ਸੀ, ਉਸੇ ਦੌਰਾਨ ਪੁਲਸ ਹਰਕਤ 'ਚ ਆਈ ਤੇ ਹਸਪਤਾਲ ਪਹੁੰਚ ਕੇ ਜ਼ਖ਼ਮੀਆਂ ਨੂੰ ਦੂਜੇ ਹਸਪਤਾਲ 'ਚ ਪਹੁੰਚਾਉਣ ਦੀ ਕਾਰਵਾਈ ਸ਼ੁਰੂ ਕੀਤੀ। ਵਕੀਲ ਸਰੂਰ ਮੰਦਰ ਨੇ ਦੇਰ ਰਾਤ ਜਸਟਿਸ ਐਸ ਮੁਰਲੀਧਰ ਨੂੰ ਫੋਨ ਕਰ ਕੇ ਕਿਹਾ ਕਿ ਮੁਸਤਫਾਬਾਦ ਵਿੱਚ ਅਲ ਹਿੰਦ ਹਸਪਤਾਲ 'ਤ ਸਹੂਲਤਾਂ ਦੀ ਕਮੀ ਹੈ ਤੇ ਇਥੇ ਗੰਭੀਰ ਰੂਪ ਨਾਲ ਜ਼ਕਮੀਆਂ ਨੂੰ ਲਿਆਂਦਾ ਗਿਆ ਹੈ, ਜਿਨ੍ਹਾਂ ਦਾ ਇਲਾਜ ਸੰਭਵ ਨਹੀਂ ਹੈ। ਪੀੜਤਾਂ ਨੂੰ ਦਿਲਸ਼ਾਦ ਗਾਰਡਨ 'ਚ ਜੀ ਟੀ ਬੀ ਹਸਪਤਾਲ 'ਚ ਦਾਖਲ ਕਰਾਉਣ ਲਈ ਸੁਰੱਖਿਆ ਮੁਹੱਈਆ ਕਰਾਈ ਜਾਵੇ।

## ਦਿੱਲੀ ਵਿੱਚ 163 ਕੰਪਨੀਆਂ ਪੈਰਾ ਮਿਲਟਰੀ ਸੀ, ਹਿੰਸਾ ਦੇ ਖੇਤਰ ਵਿੱਚ ਨਹੀਂ ਭੇਜੀ ਗਈ

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਦਿੱਲੀ ਦੀ ਹਿੰਸਾ ਬਾਰੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਹਿਲਾਂ ਤੋਂ ਹੀ ਪੁਲਸ ਦੀ ਕਾਰਜ ਪ੍ਰਣਾਲੀ 'ਤੇ ਸਵਾਲੀਆ ਨਿਸ਼ਾਨ ਲਾ ਰਹੇ ਹਨ। ਉਨ੍ਹਾਂ ਨੇ ਲੋੜੀਂਦੀ ਗਿਣਤੀ ਵਿੱਚ ਅਤੇ ਸਮੇਂ 'ਤੇ ਕੇਂਦਰੀ ਅਰਧ ਸੈਨਿਕ ਬਲਾਂ ਨੂੰ ਹਿੰਸਾ ਗ੍ਰਸਤ ਇਲਾਕਿਆਂ ਵਿੱਚ ਨਾ ਭੇਜੇ ਜਾਣ 'ਤੇ ਨਾਰਾਜ਼ਗੀ ਪ੍ਰਗਟਾਈ ਹੈ।



ਇੱਕ ਦਿਨ ਪਹਿਲਾਂ ਕਾਂਗਰਸ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਵੀ ਸਵਾਲ ਉਠਾਇਆ ਹੈ ਕਿ ਦਿੱਲੀ ਪੁਲਸ ਪਿਛਲੇ 72 ਘੰਟੇ ਤੋਂ ਨਾਕਾਮ ਰਹੀ ਸੀ। ਪੈਰਾ ਮਿਲਟਰੀ ਫੋਰਸ ਬੁਲਾਉਣ ਵਿੱਚ ਇੰਨੀ ਦੇਰ ਕਿਉਂ ਹੋਈ, ਜਦ ਕਿ ਹਿੰਸਾ ਦੌਰਾਨ ਪੰਜ ਅਰਧ ਸੈਨਿਕ ਬਲਾਂ ਦੀਆਂ 163 ਕੰਪਨੀਆਂ ਦਿੱਲੀ ਵਿੱਚ ਹੀ ਸਨ। ਇਹ ਸੁਰੱਖਿਆ ਫੋਰਸ ਵੱਧ ਤੋਂ ਵੱਧ 50 ਮਿੰਟ ਵਿੱਚ ਦਿੱਲੀ ਦੇ ਕਿਸੇ ਵੀ ਹਿੱਸੇ ਵਿੱਚ ਪਹੁੰਚ ਸਕਦੀ ਸੀ। ਇਨ੍ਹਾਂ ਫੋਰਸਾਂ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਦਿੱਲੀ ਦੀ ਹਿੰਸਾ ਉਤੇ ਕਾਬੂ ਪਾਉਣ ਲਈ ਸਮੇਂ ਉਤੇ ਸਾਨੂੰ ਨਹੀਂ ਬੁਲਾਇਆ ਗਿਆ। ਕੇਂਦਰੀ ਗ੍ਰਹਿ ਮੰਤਰਾਲੇ ਵਿੱਚ ਮੰਗਲਵਾਰ ਦੀ ਬੈਠਕ ਦੇ ਬਾਅਦ ਅਰਧ ਸੈਨਿਕ ਫੋਰਸ ਦੀਆਂ 26 ਕੰਪਨੀਆਂ ਦਿੱਲੀ ਦੇ ਹਿੰਸਾ ਗ੍ਰਸਤ ਇਲਾਕੇ ਨੂੰ ਭੇਜੀਆਂ ਗਈਆਂ ਹਨ, ਪਰ ਇਨ੍ਹਾਂ ਵਿੱਚੋਂ 13 ਕੰਪਨੀਆਂ ਅਜਿਹੀਆਂ ਸਨ, ਜਿਨ੍ਹਾਂ ਨੂੰ ਬਾਹਰ ਤੋਂ ਬੁਲਾਇਆ ਗਿਆ ਹੈ।



ਵਰਨਣ ਯੋਗ ਹੈ ਕਿ ਦੇਸ਼ ਦੀ ਸਭ ਤੋਂ ਵੱਡੇ ਕੇਂਦਰੀ ਪੈਰਾ ਮਿਲਟਰੀ ਫੋਰਸ ਸੀ ਆਰ ਪੀ ਐੱਫ ਦੀਆਂ ਕਰੀਬ 26 ਕੰਪਨੀਆਂ ਸਾਰਾ ਸਾਲ ਦਿੱਲੀ ਵਿੱਚ ਰਹਿੰਦੀਆਂ ਹਨ। ਇਹ ਕੰਪਨੀਆਂ ਵੀ ਆਈ ਪੀ ਡਿਊਟੀ, ਧਰਨਾ ਪ੍ਰਦਰਸ਼ਨ, ਰੈਲੀ, ਸੰਸਦ ਸੈਸ਼ਨ, ਦੰਗਾ ਫਸਾਦ ਅਤੇ ਤਿਉਹਾਰ ਆਦਿ ਦੇ ਪ੍ਰਬੰਧ ਵਿੱਚ ਲਾਈਆਂ ਜਾਂਦੀਆਂ ਹਨ। ਇਨ੍ਹਾਂ ਦੇ ਨਾਲ ਕਰੀਬ ਨੱਬੇ ਕੰਪਨੀਆਂ ਰਿਜ਼ਰਵ ਰਹਿੰਦੀਆਂ ਹਨ। ਇਸ ਤਰ੍ਹਾਂ ਸੀ ਆਰ ਪੀ ਐੱਫ ਦੀਆਂ 116 ਕੰਪਨੀਆਂ ਦਿੱਲੀ-ਐੱਨ ਸੀ ਆਰ ਵਿੱਚ ਹਰ ਸਮੇਂ ਰਹਿੰਦੀਆਂ ਹਨ। ਅਰਧ ਸੈਨਿਕ ਫੋਰਸ ਦੇ ਇੱਕ ਉੱਚ ਅਧਿਕਾਰੀ ਨੇ ਕਿਹਾ ਕਿ ਕੇਵਲ ਇਹੋ ਨਹੀਂ, ਸਗੋਂ ਆਈ ਟੀ ਬੀ ਪੀ ਦੀਆਂ 12 ਕੰਪਨੀਆਂ ਵੀ ਦਿੱਲੀ ਵਿੱਚ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਜਵਾਨਾਂ ਨੂੰ ਦਿੱਲੀ ਪੁਲਸ ਦੀ ਮਦਦ ਦੇ ਲਈ ਅਲੱਗ ਅਲੱਗ ਤਰ੍ਹਾਂ ਦੀ ਡਿਊਟੀ ਦਿੱਤੀ ਜਾਂਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦ ਕਦੇ ਐਮਰਜੈਂਸੀ ਵਿੱਚ ਦਿੱਲੀ ਪੁਲਸ ਵੱਲੋਂ ਜਵਾਨ ਭੇਜੇ ਜਾਣ ਦੀ ਮੰਗ ਆਵੇ ਤਾਂ ਇਸੇ ਡਿਊਟੀ ਵਿੱਚੋਂ ਜਵਾਨਾਂ ਨੂੰ ਕੱਢ ਕੇ ਉਹ ਮੰਗ ਪੂਰੀ ਕੀਤੀ ਜਾਂਦੀ ਹੈ। ਆਈ ਟੀ ਬੀ ਪੀ ਦੀਆਂ ਛੇ ਕੰਪਨੀਆਂ ਨੋਇਡਾ ਵਿੱਚ ਤਾਂ ਛੇ ਦੱਖਣੀ ਦਿੱਲੀ ਵਿੱਚ ਰਹਿੰਦੀਆਂ ਹਨ। ਸੀ ਆਈ ਐੱਸ ਐੱਫ ਦੀਆਂ ਵੀ ਕਰੀਬ ਛੇ ਕੰਪਨੀਆਂ ਦਿੱਲੀ ਵਿੱਚ ਹੁੰਦੀਆਂ ਹਨ।

## ਭਾਰਤ ਮਾਤਾ ਦੀ ਜੈ ਤੋਂ ਹਰਿਆਣਾ ਦੇ ਵਿਧਾਇਕ ਆਪਸ ਵਿਚ ਭਿੜ ਗਏ

ਚੰਡੀਗੜ੍ਹ, 27 ਫਰਵਰੀ (ਪੋਸਟ ਬਿਊਰੋ)- ਹਰਿਆਣਾ ਵਿਧਾਨ ਸਭਾ ਵਿੱਚ ਕੱਲ੍ਹ ਭਾਰਤ ਮਾਤਾ ਦੀ ਜੈ ਬੋਲਣ 'ਤੇ ਖੂਬ ਹੰਗਾਮਾ ਹੋਇਆ। ਭਾਜਪਾ ਵਿਧਾਇਕ ਦੇ ਕਾਂਗਰਸੀਆਂ ਨੂੰ ਪਾਕਿਸਤਾਨੀ ਕਹਿਣ ਕਾਰਨ ਸਦਨ ਦਾ ਮਾਹੌਲ ਬੇਹੱਦ ਗਰਮ ਹੋ ਗਿਆ ਤੇ ਕਾਫੀ ਦੇਰ ਤੱਕ ਹੰਗਾਮਾ ਹੁੰਦਾ ਰਿਹਾ।

ਪ੍ਰਸ਼ਨ ਕਾਲ ਦੌਰਾਨ ਅੰਬਾਲਾ ਦੇ ਭਾਜਪਾ ਵਿਧਾਇਕ ਅਸੀਮ ਗੋਇਲ ਨੇ ਦਾਅਵਾ ਕੀਤਾ ਕਿ ਕਾਂਗਰਸੀ ਵਿਧਾਇਕ ਗੀਤਾ ਭੁੱਕਲ ਨੇ ਆਪਣੀ ਸੀਟ 'ਤੇ ਬੈਠੇ-ਬੈਠੇ ਭਾਰਤ ਮਾਤਾ ਦੀ ਜੈ ਬਾਰੇ ਵਿਅੰਗ ਕੱਸਿਆਹੈ। ਗੋਇਲ ਦੇ ਇਹ ਕਹਿੰਦੇ ਸਾਰ ਸਦਨ ਵਿੱਚ ਹੰਗਾਮਾ ਮੱਚ ਗਿਆ। ਰੌਲੇ-ਰੱਪੇ ਵਿੱਚ ਗੋਇਲ ਨੇ ਕਾਂਗਰਸੀਆਂ ਵੱਲ ਇਸ਼ਾਰਾ ਕਰ ਕੇ ਕਹਿ ਦਿੱਤਾ ਕਿ ਹਰ ਹਿੰਦੁਸਤਾਨੀ ਇਹ ਨਾਅਰਾ ਲਾਉਂਦਾ ਹੈ, ਪਰ ਤੁਹਾਨੂੰ ਲੋਕਾਂ ਨੂੰ ਜੇ ਸ਼ਰਮ ਆਉਂਦੀ ਹੈ ਤਾਂ ਕੀ ਤੁਸੀਂ ਪਾਕਿਸਤਾਨੀ ਹੋ। ਇੰਨਾ ਕਹਿੰਦੇ ਹੀ ਕਾਂਗਰਸੀ ਵਿਧਾਇਕ ਰਾਜਿੰਦਰ ਜੂਨ, ਰਾਓ ਦਾਨ ਸਿੰਘ ਅਤੇ ਆਫਤਾਬ ਅਹਿਮਦ ਸੀਟਾਂ ਤੋਂ ਖੜ੍ਹੇ ਹੋ ਗਏ ਅਤੇ ਕਿਹਾ ਕਿ ਕਿਸੇ ਨੂੰ ਕੋਈ ਤਕਲੀਫ ਨਹੀਂ ਜੇ ਕੋਈ ਭਾਰਤ ਮਾਤਾ ਦੀ ਜੈ ਬੋਲਦਾ ਹੈ। ਇਹ ਨਾਅਰੇ ਕਿਸੇ ਇੱਕ ਦਲ ਦੇ ਲਈ ਰਜਿਸਟਰਡ ਨਹੀਂ ਹੈ। ਇਸ ਦੌਰਾਨ ਅਸੀਮ ਗੋਇਲ ਨੇ ਭਾਰਤ ਮਾਤਾ ਦੀ ਜੈ ਦੇ ਨਾਅਰੇ ਲਵਾਉਣੇ ਸ਼ੁਰੂ ਕਰ ਦਿੱਤੇ। ਦੂਜੇ ਪਾਸੇ ਕਾਂਗਰਸੀ ਵਿਧਾਇਕ ਪਾਕਿਸਤਾਨੀ ਕਹਿਣ 'ਤੇ ਭੜਕ ਗਏ।

ਸਪੀਕਰ ਗਿਆਨ ਚੰਦ ਗੁਪਤਾ ਤਿੰਨ ਵਾਰ ਆਪਣੀ ਸੀਟ ਛੱਡ ਕੇ ਖੜ੍ਹੇ ਹੋਏ, ਪਰ ਵਿਧਾਇਕ ਸ਼ਾਂਤ ਨਹੀਂ ਹੋਏ। ਸੀਨੀਅਰ ਮੰਤਰੀ ਚੌਧਰੀ ਰਣਜੀਤ ਸਿੰਘ ਜਦ ਵਿਵਾਦ ਨੂੰ ਸ਼ਾਂਤ ਕਰਨ ਲਈ ਮੈਂਬਰਾਂ ਨੂੰ ਸਮਝਾਉਣ ਦੇ ਯਤਨ ਕਰ ਰਹੇ ਸਨ ਤਾਂ ਫਿਰ ਵਿਵਾਦ ਭੜਕ ਗਿਆ। ਕਾਂਗਰਸ ਦੇ ਮੁਹੰਮਦ ਇਲਿਆਸ ਨੇ ਭਾਜਪਾ ਬਾਰੇ ਕਿਹਾ ਕਿ ਭਾਰਤ ਮਾਤਾ ਦੀ ਜੈ ਬੋਲਣ ਦਾ ਹੱਕ ਉਨ੍ਹਾਂ ਨੂੰ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸ਼ਹਾਦਤ ਦਿੱਤੀ ਸੀ। ਉਨ੍ਹਾਂ ਨੇ ਆਰ ਐਸ ਐਸ ਦੇ ਬਾਰੇ ਕੁਝ ਤਲਖ ਟਿੱਪਣੀ ਕਰ ਦਿੱਤੀ। ਇਸ 'ਤੇ ਗਿਆਨ ਚੰਦ ਗੁਪਤਾ ਨੇ ਮੁਹੰਮਦ ਇਲਿਆਸ ਨੂੰ ਸਦਨ ਤੋਂ ਨੇਮ ਕਰਨ ਦੀ ਚਿਤਾਵਨੀ ਦੇ ਦਿੱਤੀ। ਇਸ ਦੌਰਾਨ ਇਲਿਆਸ ਨੇ ਯੂ-ਟਰਨ ਲਿਆ ਅਤੇ ਸਦਨ ਵਿੱਚ ਭਾਰਤ ਮਾਤਾ ਦੀ ਜੈਨ ਦਾ ਨਾਅਰਾ ਲਗਾ ਦਿੱਤਾ, ਜਿਸ ਦਾ ਕਿਰਨ ਚੌਧਰੀ ਅਤੇ ਹੋਰਨਾਂ ਕਾਂਗਰਸੀਆਂ ਨੇ ਸਮਰਥਨ ਕੀਤਾ। ਫਿਰ ਇਹ ਵਿਵਾਦ ਸ਼ਾਂਤ ਹੋਇਆ।

## ਨਿਰਭੈਆ ਦੇ ਚਾਰਾਂ ਦੋਸ਼ੀਆਂ ਦੇ ਸੈੱਲ ਰੋਜ਼ ਬਦਲੇ ਜਾਣ ਲੱਗੇ



ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਨਿਰਭੈਆ ਕਤਲ ਅਤੇ ਬਲਾਤਕਾਰ ਕੇਸ ਦੇ ਚਾਰਾਂ ਦੋਸ਼ੀਆਂ ਦੀ ਫਾਂਸੀ ਦੀ ਤਾਰੀਕ ਨੇੜੇ ਆਈ ਵੇਖ ਕੇ ਤਿਹਾੜ ਜੇਲ੍ਹ ਪ੍ਰਸ਼ਾਸਨ ਹੋਰ ਚੌਕਸ ਹੋ ਗਿਆ ਹੈ। ਤਿਹਾੜ ਜੇਲ੍ਹ ਵਿੱਚ ਬੰਦ ਨਿਰਭੈਆ ਕੇਸ ਦੇ ਚਾਰੇ ਦੋਸ਼ੀ ਖੁਦ ਨੂੰ ਕੋਈ ਨੁਕਸਾਨ ਨਾ ਪਹੁੰਚਾ ਲੈਣ, ਇਸ ਲਈ ਜੇਲ੍ਹ ਪ੍ਰਸ਼ਾਸਨ ਪੂਰੀ ਸਾਵਧਾਨੀ ਵਰਤ ਰਿਹਾ ਹੈ। ਇਕੋ ਸੈੱਲ ਵਿੱਚ ਰੱਖਣ ਦੇ ਬਜਾਏ ਇਨ੍ਹਾਂ ਦੇ ਸੈੱਲ ਰੋਜ਼ ਬਦਲੇ ਜਾ ਰਹੇ ਹਨ।

ਇਹ ਸਾਰੇ ਦੋਸ਼ੀ ਭਾਵੇਂ ਸਕਿਓਰਟੀ ਵਾਰਡ ਵਾਲੀ ਇਕੋ ਬੈਰਕ ਵਿੱਚ ਹਨ, ਪਰ ਇਨ੍ਹਾਂ ਨੂੰ ਏਦਾਂ ਰੱਖਿਆ ਗਿਆ ਹੈ ਕਿ ਦੋ ਦੋਸ਼ੀਆਂ ਦੇ ਸੈੱਲ਼ ਵਿਚਾਲੇ ਇਕ ਸੈੱਲ ਖਾਲੀ ਰਹੇ। ਇਸ ਦਾ ਮਕਸਦ ਇਨ੍ਹਾਂ ਵਿਚਕਾਰ ਕਿਸੇ ਤਰ੍ਹਾਂ ਦੇ ਸੰਪਰਕ ਦੀ ਸੰਭਾਵਨਾ ਖ਼ਤਮ ਕਰਨਾ ਹੈ। ਜੇਲ੍ਹ ਦੇ ਸੂਤਰਾਂ ਦਾ ਕਹਿਣਾ ਹੈ ਕਿ ਕਈ ਵਾਰ ਦੋਸ਼ੀ ਉੱਚੀ ਆਵਾਜ਼ ਵਿੱਚ ਬੋਲ ਕੇ ਆਪਣਾ ਸੰਦੇਸ਼ ਦੂਜੇ ਨੂੰ ਪੁਚਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਨੂੰ ਦੇਖ ਕੇ ਇਨ੍ਹਾਂ ਨੂੰ ਸਿਰਫ ਵੱਖ-ਵੱਖ ਸੈੱਲ ਵਿੱਚ ਰੱਖਿਆ ਹੈ, ਸਗੋਂ ਕੁਝ ਫਾਸਲੇ ਉੱਤੇ ਬਣੇ ਸੈੱਲ ਵਿੱਚ ਰੱਖਿਆ ਗਿਆ ਹੈ। ਇਨ੍ਹਾਂ ਸੂਤਰਾਂ ਦਾ ਕਹਿਣਾ ਹੈ ਕਿ ਸੈੱਲ ਤੋਂ ਦੋਸ਼ੀਆਂ ਨੂੰ ਕੁਝ ਦੇਰ ਲਈ ਬਾਹਰ ਕੱਢਿਆ ਜਾਂਦਾ ਹੈ। ਉਦੋਂ ਖ਼ਾਸ ਖਿਆਲ ਰੱਖਿਆ ਜਾਂਦਾ ਹੈ ਕਿ ਇਹ ਦੂਸਰੇ ਨੂੰ ਨਾ ਦੇਖ ਸਕਣ। ਇਨ੍ਹਾਂ ਉੱਤੇ ਨਜ਼ਰ ਰੱਖਣ ਲਈ ਸੈੱਲ ਨੇੜੇ ਸੁਰੱਖਿਆ ਮੁਲਾਜ਼ਮਾਂ ਦੀ ਗਿਣਤੀ ਵਧਾਈ ਗਈ ਹੈ। ਇਨ੍ਹਾਂ ਉੱਤੇ ਹਮੇਸ਼ਾ ਸੁਰੱਖਿਆ ਮੁਲਾਜ਼ਮਾਂ ਦੀ ਨਜ਼ਰ ਹੁੰਦੀ ਹੈ। ਸੁਰੱਖਿਆ ਮੁਲਾਜ਼ਮ ਇਸ ਤਰ੍ਹਾਂ ਰੱਖੇ ਜਾਂਦੇ ਹਨ ਕਿ ਇਨ੍ਹਾਂ ਉੱਤੇ ਕਦੇ ਵੀ ਕਾਬੂ ਪਾ ਸਕਣ। ਜ਼ਰੂਰਤ ਪੈਣ ਉੱਤੇ ਸੈੱਲ਼ ਦੇ ਅੰਦਰ ਵੀ ਸੁਰੱਖਿਆ ਮੁਲਾਜ਼ਮਾਂ ਦੀ ਡਿਊਟੀ ਲਾਈ ਜਾਂਦੀ ਹੈ।

## ਰਿਜ਼ਰਵ ਬੈਂਕ ਨੇ ਕਿਹਾ, 2000 ਰੁਪਏ ਦੇ ਨੋਟ ਚੱਲਦੇ ਰਹਿਣਗੇ

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਨੋਟਬੰਦੀ ਦੇ ਬਾਅਦ ਚਾਲੂ ਹੋਏ 2000 ਦੇ ਨੋਟ ਅੱਜ ਕੱਲ੍ਹ ਏ ਟੀ ਐੱਮ ਵਿੱਚੋਂ ਨਿਕਲਣਾ ਬੰਦ ਹੋ ਰਹੇ ਹਨ। ਕਈ ਬੈਂਕਾਂ ਨੇ ਆਪਣੇ ਏ ਟੀ ਐੱਮ ਵਿੱਚ 2000 ਦੇ ਨੋਟ ਵਾਲੀ ਟ੍ਰੇਅ ਹਟਾ ਲਈ ਹੈ। ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਕਿਹਾ ਕਿ 2000 ਦੇ ਨੋਟ ਜਾਇਜ਼ ਬਣੇ ਰਹਿਣ-ਗੇ। ਜਾਣਕਾਰ ਸੂਤਰਾਂ ਨੇ ਦੱਸਿਆ ਹੈ ਕਿ ਵਿੱਤ ਮੰਤਰਾਲੇ ਵੱਲੋਂ ਇਸ ਬਾਰੇ ਵਿੱਚ ਕੋਈ ਨਿਰਦੇਸ਼ ਨਹੀਂ ਹੈ। ਬੈਂਕਾਂ ਨੇ ਖੁਦ ਹੀ ਆਪਣੇ ਏ ਟੀ ਐੱਮ ਵਿੱਚ ਛੋਟੇ ਨੋਟ ਪਾਉਣੇ ਸ਼ੁਰੂ ਕਰ ਦਿੱਤੇ ਹਨ, ਜਿਸ ਤੋਂ ਗ੍ਰਾਹਕਾਂ ਨੂੰ ਸਹੂਲਤ ਹੋਵੇ। ਕੁਝ ਬੈਂਕਾਂ ਨੇ ਆਪਣੇ ਏ ਟੀ ਐੱਮ ਨੂੰ ਛੋਟੇ ਨੋਟਾਂ ਦੇ ਹਿਸਾਬ ਨਾਲ ਚਲਾਉਣਾ ਸ਼ੁਰੂ ਕਰ ਦਿੱਤਾ ਹੈ। ਕੁਝ ਹੋਰ ਬੈਂਕ ਇਸ ਤਰ੍ਹਾਂ ਦਾ ਕਦਮ ਉਠਾ ਸਕਦੇ ਹਨ। ਜਾਣਕਾਰ ਸੂਤਰਾਂ ਨੇ ਦਾਅਵਾ ਕੀਤਾ ਕਿ ਆਰ ਬੀ ਆਈ ਵੱਲੋਂ ਬੈਂਕਾਂ ਤੋਂ 2000 ਦੇ ਨੋਟ ਵਾਪਸ ਲਏ ਜਾ ਰਹੇ ਹਨ। ਨੋਟਬੰਦੀ ਸਮੇਂ ਤੁਰੰਤ ਨੋਟ ਸਪਲਾਈ ਜ਼ਰੂਰੀ ਸੀ,ਇਸ ਲਈ 2000 ਦੇ ਨੋਟ ਵੱਡੇ ਪੈਮਾਨੇ 'ਤੇ ਛਾਪੇ ਗਏ ਸਨ ਅਤੇ ਅੱਜਕੱਲ੍ਹ ਬਾਜ਼ਾਰ ਵਿੱਚ 5000 ਦੇ ਨੋਟ ਲੋੜੀਂਦੀ ਮਾਤਰਾ ਵਿੱਚ ਵਿੱਚ ਹਨ, ਇਸ ਲਈ ਹੌਲੀ-ਹੌਲੀ 2000 ਦੇ ਨੋਟ ਬਾਜ਼ਾਰ 'ਚੋਂ ਘੱਟ ਕੀਤੇ ਜਾ ਰਹੇ ਹਨ ਕਿਉਂਕਿ ਕੇਂਦਰੀ ਬੈਂਕ ਨੇ 2000 ਦੇ ਨੋਟ ਦੀ ਛਪਾਈ ਬੰਦ ਕਰ ਦਿੱਤੀ ਹੈ।

## ਭਾਰਤੀ ਫ਼ੌਜਾਂ ਅੱਜ ਕੱਲ੍ਹ ਸਰਹੱਦ ਪਾਰ ਕਰਨੋਂ ਝਿਜਕਦੀਆਂ ਨਹੀਂ: ਰਾਜਨਾਥ

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਬਾਲਾਕੋਟ ਹਵਾਈ ਹਮਲੇ ਦੀ ਪਹਿਲੀ ਵਰ੍ਹੇਗੰਢ 'ਤੇ ਕੱਲ੍ਹ ਕਿਹਾ ਕਿ ਅੱਤਵਾਦ ਦੇ ਖ਼ਿਲਾਫ਼ ਲੜਾਈ 'ਚ ਭਾਰਤ ਦੇ ਰੁਖ਼ 'ਚ ਵੱਡੀ ਤਬਦੀਲੀ ਆਈ ਹੈ। ਅੱਤਵਾਦੀ ਹਮਲਿਆਂ ਤੋਂ ਦੇਸ਼ ਨੂੰ ਬਚਾਉਣ ਲਈ ਭਾਰਤ ਦੀਆਂ ਫ਼ੌਜਾਂ ਅੱਜਕੱਲ੍ਹ ਸਰਹੱਦ ਪਾਰ ਕਰਕੇ ਕਾਰਵਾਈ ਕਰਨ ਤੋਂ ਵੀ ਨਹੀਂ ਝਿਜਕਦੀਆਂ। ਪਿਛਲੇ ਸਾਲ 14 ਫਰਵਰੀ ਨੂੰ ਪੁਲਵਾਮਾ ਅੱਤਵਾਦੀ ਹਮਲੇ 'ਚ ਕੇਂਦਰੀ ਰਿਜ਼ਰਵ ਪੁਲਸ ਫੋਰਸ (ਸੀ ਆਰ ਪੀ ਐਫ) ਦੇ 40 ਜਵਾਨਾਂ ਦੀ ਮੌਤ ਦਾ ਬਦਲਾ ਲੈਣ ਲਈ ਭਾਰਤੀ ਹਵਾਈ ਫ਼ੌਜ ਨੇ 26 ਫਰਵਰੀ ਨੂੰ ਪਾਕਿਸਤਾਨ ਸਥਿਤ ਬਾਲਾਕੋਟ 'ਚ ਅੱਤਵਾਦੀ ਸਿਖਲਾਈ ਕੈਂਪ 'ਤੇ ਬੰਬਾਰੀ ਕੀਤੀ ਸੀ। ਰਾਜਨਾਥ ਸਿੰਘ ਦਾ ਕਹਿਣਾ ਹੈ ਕਿ ਇਹ ਬਹਾਦਰ ਹਵਾਈ ਫ਼ੌਜ ਵੱਲੋਂ ਅੱਤਵਾਦ ਦੇ ਖ਼ਿਲਾਫ਼ ਸਫਲ ਆਪ੍ਰੇਸ਼ਨ ਸੀ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ ਅੱਤਵਾਦ ਦੇ ਖ਼ਿਲਾਫ਼ ਲੜਾਈ 'ਚ ਨਵਾਂ ਰੁਖ਼ ਧਾਰਨ ਕੀਤਾ ਹੈ ਜਿਸ 'ਚ ਇਹ ਦ੍ਰਿੜ ਸੰਕਲਪ ਹੈ ਕਿ ਅੱਤਵਾਦ ਦੇ ਖ਼ਤਰੇ ਤੋਂ ਬਚਾਉ ਲਈ ਸਰਹੱਦ ਪਾਰ ਸਟ੍ਰਾਈਕ ਤੋਂ ਵੀ ਪਿੱਛੇ ਨਹੀਂ ਹਟਾਂਗੇ।

## ਸੋਨਮ ਨੇ ਸਾਕਸ਼ੀ ਦਾ ਸੁਪਨਾ ਤੋੜ ਕੇ ਉਲੰਪਿਕ ਦੀ ਟਿਕਟ ਜਿੱਤੀ

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਨੌਜਵਾਨ ਮਹਿਲਾ ਭਲਵਾਨ ਸੋਮਨ ਮਲਿਕ ਨੇ ਸੀਨੀਅਰ ਖਿਡਾਰੀ ਸਾਕਸ਼ੀ ਮਲਿਕ ਨੂੰ ਲਗਾਤਾਰ ਦੂਜੀ ਵਾਰ ਹਰਾਇਆ ਹੈ। ਓਲੰਪਿਕ ਮੈਡਲ ਜੇਤੂ ਸਾਕਸ਼ੀ ਮਲਿਕ ਨੂੰ 18 ਸਾਲ ਦੀ ਸੋਨਮ ਮਲਿਕ ਨੇ ਕੱਲ੍ਹ ਫੇਰ ਹਰਾ ਦਿੱਤਾ। ਪਿਛਲੇ ਦਿਨੀਂ ਕਰਵਾਈ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਵੀ ਸੋਨਮ ਮਲਿਕ ਨੇ ਸਾਕਸ਼ੀ ਨੂੰ ਹਰਾਇਆ ਸੀ। ਇਸ ਪਿੱਛੋਂ ਸਾਕਸ਼ੀ ਨੇ ਕਿਹਾ ਸੀ ਕਿ ਉਹ ਦੂਜੀ ਵਾਰ ਟਰਾਇਲ ਦੇਵੇਗੀ।

62 ਕਿਲੋਗ੍ਰਾਮ ਵਜ਼ਨ ਵਿੱਚ ਸੋਨਮ ਮਲਿਕ ਨੇ ਇਸ ਚੁਣੌਤੀ ਨੂੰ ਸਵੀਕਾਰ ਕੀਤਾ ਤੇ ਫਿਰ ਤੋਂ ਸਾਕਸ਼ੀ ਮਲਿਕ ਨੂੰ ਹਰਾ ਦਿੱਤਾ। ਸੋਨਮ ਮਲਿਕ ਨੇ ਪਹਿਲਾਂ ਰਾਧਿਕਾ ਨੂੰ ਹਰਾਇਆ ਤੇ ਫਿਰ ਵੱਕਾਰ ਦਾ ਧਿਆਨ ਰੱਖ ਕੇ ਸੈਮੀਫਾਈਨਲ ਵਿੱਚ ਏਸ਼ੀਆਈ ਚੈਂਪੀਅਨਸ਼ਿਪ ਦੀ 59 ਕਿਲੋਗ੍ਰਾਮ ਭਾਰ ਵਰਗ ਦੀ ਗੋਲਡ ਮੈਡਲ ਵਾਲੀ ਸਰਿਤਾ ਮੋਰ (3-1) ਨੂੰ ਵੀ ਹਰਾ ਦਿੱਤਾ ਸੀ। ਇਸ ਤੋਂ ਬਾਅਦ ਫਾਈਨਲ ਵਿੱਚ ਸੋਨਮ ਦਾ ਸਾਹਮਣਾ ਰੀਓ ਓਲੰਪਿਕ ਦੀ ਕਾਂਸੇ ਦਾ ਮੈਡਲ ਵਾਲੀ ਸਾਕਸ਼ੀ ਮਲਿਕ ਨਾਲ ਹੋਇਆ। ਇਸ ਮੁਕਾਬਲੇ ਵਿੱਚ ਵੀ ਸੋਨਮ ਨੇ ਜਿੱਤ ਹਾਸਲ ਕੀਤੀ ਅਤੇ ਓਲੰਪਿਕ ਦੇ ਕਾਂਸੇ ਦੇ ਮੈਡਲ ਵਾਲੀ ਸਾਕਸ਼ੀ ਮਲਿਕ ਦਾ ਟੋਕੀਓ ਓਲੰਪਿਕ ਖੇਡਣ ਦਾ ਸੁਪਨਾ ਟੁੱਟ ਗਿਆ।

ਸੋਨਮ ਨੇ ਆਪਣਾ ਟਿਕਟ ਟੋਕੀਓ ਓਲੰਪਿਕ ਲਈ ਪੱਕਾ ਕਰ ਲਿਆ ਹੈ। 62 ਕਿਲੋਗ੍ਰਾਮ ਭਾਰ ਵਰਗ ਤੋਂ ਕੁੱਲ ਨੌਂ ਮਹਿਲਾ ਭਲਵਾਨਾਂ ਨੇ ਹਿੱਸਾ ਲਿਆ ਸੀ। ਇਸ ਵਿੱਚ 2018 ਵਿਸ਼ਵ ਚੈਂਪੀਅਨਇਸ਼ ਦੀ ਕਾਂਸੇ ਦੇ ਮੈਡਲ ਵਾਲੀ ਪੂਜਾ ਢਾਂਡਾ ਵੀ ਸ਼ਾਮਲ ਸੀ। ਸੋਨਮ ਦੇ ਕੋਚ ਅਜਮੇਰ ਮਲਿਕ ਨੇ ਕਿਹਾ ਕਿ ਸਾਕਸ਼ੀ ਮਲਿਕ ਨੂੰ ਹਰਾਉਣਾ ਇਸ ਨੌਜਵਾਨ ਭਲਵਾਨ ਲਈ ਵੱਡੀ ਕਾਮਯਾਬੀ ਹੈ। ਸੋਨਮ ਨੇ ਉਸ ਨੂੰ ਥਕਾ ਦਿੱਤਾ। ਕੋਚ ਨੇ ਦੱਸਿਆ ਕਿ ਸੋਨਮ ਰੋਮ ਵਿੱਚ ਹੋਈ ਚੈਂਪੀਅਨਸ਼ਿਪ ਦੌਰਾਨ ਕੂਹਣੀ 'ਚ ਸੱਟ ਲਵਾ ਬੈਠੀ ਸੀ ਤੇ ਪੂਰੀ ਤਰ੍ਹਾਂ ਠੀਕ ਨਹੀਂ ਸੀ। ਇਸ ਦੇ ਬਾਵਜੂਦ ਉਸ ਨੇ ਬਹੁਤ ਘੱਟ ਟ੍ਰੇਨਿੰਗ ਨਾਲ ਸਾਕਸ਼ੀ ਨੂੰ ਹਰਾ ਦਿੱਤਾ। ਰੈਸਲਿੰਗ ਫੈਡਰੇਸ਼ਨ ਆਫ ਇੰਡੀਆ (ਡਬਲਯੂ ਐਫ ਆਈ) ਨੇ ਰੋਮ ਰੈਂਕਿੰਗ ਸੀਰੀਜ਼ ਇਵੈਂਟ ਅਤੇ ਏਸ਼ੀਅਨ ਚੈਂਪੀਅਨਸ਼ਿਪ ਲਈ ਟਰਾਇਲ ਲਏ ਸਨ, ਜਿਸ ਵਿੱਚ ਸੋਨਮ ਨੇ ਸਾਕਸ਼ੀ ਨੂੰ ਹਰਾ ਕੇ ਸੁਰਖ਼ੀਆਂ ਬਣਾਈਆਂ ਸਨ। ਸੋਨਮ ਨੇ ਦੋਵਾਂ ਇਵੈਂਟਸ ਵਿੱਚ ਕੋਈ ਮੈਡਲ ਨਹੀਂ ਜਿੱਤਿਆ ਸੀ, ਪਰ ਦਿੱਲੀ ਵਿੱਚ ਹੋਈ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਉਹ ਪੰਜਵੇਂ ਸਥਾਨ 'ਤੇ ਰਹੀ ਸੀ।

## ਮਹਿਲਾ ਦੇ ਗੁਡ ਮਾਰਨਿੰਗ ਮੈਸੇਜ ਦਾ ਜਵਾਬ ਦੇਣ ਉੱਤੇ ਨੌਜਵਾਨ ਨੂੰ ਚਾਕੂ ਮਾਰ ਕੇ ਮਾਰਿਆ



ਹਜ਼ਾਰੀਬਾਗ, 27 ਫਰਵਰੀ (ਪੋਸਟ ਬਿਊਰੋ)- ਕਟਕਮਦਾਗ ਥਾਣਾ ਖੇਤਰ ਦੇ ਸੁਲਤਾਨਾ ਪਿੰਡ ਵਿੱਚ ਇੱਕ ਮਹਿਲਾ ਨੂੰ ਮੋਬਾਈਲ ਉੱਤੇ ਮੈਸੇਜ ਦਾ ਰਿਪਲਾਈ ਦੇਣਾ ਮੁਹੰਮਦ ਸਲਮਾਨ ਅੰਸਾਰੀ (24) ਦੀ ਮੌਤ ਦਾ ਕਾਰਨ ਬਣ ਗਿਆ। ਮਹਿਲਾ ਦੇ ਪਤੀ ਨੇ ਨੌਜਵਾਨ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ ਤੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਦੋਸ਼ੀ ਦੀ ਗ੍ਰਿਫਤਾਰੀ ਦੀ ਮੰਗ 'ਤੇ ਪਿੰਡ ਵਾਸੀਆਂ ਨੇ ਬੀਤੇ ਦਿਨ ਚਾਰ ਘੰਟੇ ਹਜ਼ਾਰੀਬਾਗ-ਸਿਮਰੀਆ ਮਾਰਗ ਜਾਮ ਰੱਖਿਆ।

ਮੁਹੰਮਦ ਤਬਾਰਕ ਦਾ ਬੇਟਾ ਸਲਮਾਨ ਸੁਲਤਾਨਾ ਪਿੰਡ ਦਾ ਵਸਨੀਕ ਸੀ ਅਤੇ ਉਸ ਦਾ ਵਿਆਹ 15 ਦਿਨ ਪਹਿਲਾਂ ਹੋਇਆ ਸੀ। ਦੋ ਦਿਨ ਪਹਿਲਾਂ ਸਲਮਾਨ ਦੇ ਮੋਬਾਈਲ ਉਤੇ ਚੰਦੌਲ ਵਾਸੀ ਮੁਹੰਮਦ ਫੈਸਲ ਦੀ ਪਤਨੀ ਦਾ ਗੁਡ ਮਾਰਨਿੰਗ ਦਾ ਮੈਸੇਜ ਆਇਆ ਤਾਂ ਸਲਮਾਨ ਦੀ ਪਤਨੀ ਨੇ ਆਪਣੀ ਸਹੇਲੀ ਦਾ ਨੰਬਰ ਸਮਝ ਕੇ ਉਸੇ ਨੰਬਰ 'ਤੇ ਗੁਡ ਮਾਰਨਿੰਗ ਲਿਖ ਕੇ ਰਿਪਲਾਈ ਦੇ ਦਿੱਤੀ। ਮਹਿਲਾ ਦੇ ਪੇਕੇ ਵੀ ਸੁਲਤਾਨਾ ਪਿੰਡ ਹਨ। ਫੈਸਲ ਨੇ ਮੈਸੇਜ ਦੇਖਿਆ ਤਾਂ ਉਸ ਨੇ ਪਤਨੀ ਤੋਂ ਪੁੱਛਿਆ। ਉਸ ਦੀ ਪਤਨੀ ਨੇ ਉਸ ਨੂੰ ਦੱਸਿਆ ਕਿ ਮੈਸੇਜ ਉਸ ਦੇ ਪੇਕੇ ਪਿੰਡ ਦੇ ਸਲਮਾਨ ਦਾ ਹੈ। ਇਸ 'ਤੇ ਫੈਸਲ 25 ਫਰਵਰੀ ਨੂੰ ਆਪਣੇ ਭਰਾ ਅਸਲਮ ਅਤੇ ਦੋ ਸਾਥੀਆਂ ਨਾਲ ਸੁਲਤਾਨਾ ਪਹੁੰਚਿਆ। ਉਸ ਨੇ ਆਪਣੇ ਸਹੁਰੇ ਪਰਵਾਰ ਨੂੰ ਇਸ ਬਾਰੇ ਦੱਸਿਆ ਅਤੇ ਸਹੁਰਾ ਮੁਹੰਮਦ ਕਲੀਮ ਅਤੇ ਪਿੰਡ ਦੇ ਮੁਹੰਮਦ ਹਦੀਸ਼ ਸਮੇਤ ਦੋਵੇਂ ਭਰਾ ਅਤੇ ਉਨ੍ਹਾਂ ਦੇ ਸਾਥੀ ਸਲਮਾਨ ਦੇ ਘਰ ਪਹੁੰਚੇ ਅਤੇ ਪੁੱਛਗਿੱਛ ਕਰਨ ਲੱਗੇ। ਇਸੇ ਤੋਂ ਬਹਿਸ ਹੋ ਗਈ ਤਾਂ ਗੁੱਸੇ ਵਿੱਚ ਫੈਸਲ ਨੇ ਸਲਮਾਨ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਸਲਮਾਨ ਜ਼ਖਮੀ ਹੋ ਕੇ ਡਿੱਗ ਪਿਆ ਤਾਂ ਸਾਰੇ ਫਰਾਰ ਹੋ ਗਏ। ਸਲਮਾਨ ਨੂੰ ਹਜ਼ਾਰੀਬਾਗ ਸਦਰ ਹਸਪਤਾਲ ਲਿਆਂਦਾ ਗਿਆ। ਮੰਗਲਵਾਰ ਰਾਤ ਉਸ ਦੀ ਮੌਤ ਹੋ ਗਈ। ਕੱਲ੍ਹ ਪਿੰਡ ਵਾਸੀਆਂ ਨੇ ਸਵੇਰੇ ਨੌਂ ਵਜੇ ਤੋਂ ਹਜ਼ਾਰੀਬਾਗ-ਸਿਮਰੀਆ ਮਾਰਗ ਜਾਮ ਕਰ ਦਿੱਤਾ ਤਾਂ ਪੁਲਸ ਨੇ ਕਾਤਲਾਂ ਦੀ ਗ੍ਰਿਫਤਾਰੀ ਦਾ ਭਰੋਸਾ ਦਿੱਤਾ।

## ਡੇਅਰੀ ਮਿਲਕ ਬ੍ਰੈਸਟ ਕੈਂਸਰ ਦਾ ਡਰ ਅੱਸੀ ਫੀਸਦੀ ਵਧਾ ਸਕਦੈ

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਦੁੱਧ ਪੀਣਾ ਖਾਣ-ਪੀਣ ਦਾ ਇੱਕ ਅਨਿੱਖੜਵਾਂ ਅੰਗ ਹੈ, ਪਰ ਜੇ ਪਤਾ ਲੱਗੇ ਕਿ ਦੁੱਧ ਪੀਣ ਨਾਲ ਕੈਂਸਰ ਹੋ ਸਕਦਾ ਹੈ ਤਾਂ ਹੈਰਾਨੀ ਹੋਣਾ ਲਾਜ਼ਮੀ ਹੈ।



ਅਮਰੀਕਾ ਦੇ ਵਿਗਿਆਨੀਆਂ ਨੇ ਆਪਣੀਆਂ ਖੋਜ 'ਚ ਦੇਖਿਆ ਕਿ ਡੇਅਰੀ ਦਾ ਦੁੱਧ ਪੀਣ ਨਾਲ ਵੀ ਕੈਂਸਰ ਹੋਣ ਦਾ ਖਤਰਾ ਹੈ। ਆਪਣੀ ਰਿਸਰਚ ਵਿੱਚ ਵਿਗਿਆਨੀਆਂ ਦਾ ਦਾਅਵਾ ਹੈ ਕਿ ਦੁੱਧ ਨਾਲ ਕੈਂਸਰ ਦੇ ਮਮਲੇ ਵਿੱਚ ਔਰਤਾਂ ਸਭ ਤੋਂ ਛੇਤੀ ਇਨਫੈਕਸ਼ਨ ਦੀ ਲਪੇਟ ਵਿੱਚ ਆਉਂਦੀਆਂ ਹਨ। ਡੇਅਰੀ ਦੇ ਦੁੱਧ ਵਿੱਚ ਗਾਂ, ਮੱਝ ਤੇ ਬੱਕਰੀ ਦਾ ਦੁੱਧ ਸ਼ਾਮਲ ਕੀਤਾ ਜਾਂਦਾ ਹੈ। ਅਮਰੀਕਾ ਦੀ ਲੋਮਾ ਲਿੰਡਾ ਯੂਨੀਵਰਸਿਟੀ ਦੇ ਹੈਲਥ ਸਟੱਡੀਜ਼ ਨਾਲ ਜੁੜੇ ਡਾਕਟਰ ਗੈਰੀ ਈ ਫਰੇਜਰ ਨੇ ਕਿਹਾ ਕਿ ਇਸ ਗੱਲ ਦੇ ਪੱਕੇ ਸਬੂਤ ਮਿਲੇ ਹਨ ਕਿ ਡੇਅਰੀ ਦਾ ਦੁੱਧ ਪੀਣ ਕਾਰਨ ਔਰਤਾਂ 'ਚ ਬ੍ਰੈਸਟ ਕੈਂਸਰ ਹੁੰਦਾ ਹੈ।

ਖੋਜਕਾਰਾਂ ਦਾ ਕਹਿਣਾ ਹੈ ਕਿ ਰੋਜ਼ ਇੱਕ ਕੱਪ ਡੇਅਰੀ ਦੁੱਧ ਪੀਣ ਵਾਲੀਆਂ ਔਰਤਾਂ ਵਿੱਚ ਬ੍ਰੈਸਟ ਕੈਂਸਰ ਦਾ ਖਤਰਾ ਪੰਜਾਹ ਫੀਸਦੀ ਹੁੰਦਾ ਹੈ ਜਦੋਂ ਕਿ ਰੋਜ਼ ਦੋ ਤੋਂ ਤਿੰਨ ਕੱਪ ਪੀਣ ਵਾਲੀਆਂ ਔਰਤਾਂ ਲਈ ਖਤਰਾ ਵਧ ਕੇ ਸੱਤਰ ਤੋਂ ਅੱਸੀ ਫੀਸਦੀ ਹੋ ਜਾਂਦਾ ਹੈ। ਇੰਟਰਨੈਸ਼ਨਲ ਜਨਰਲ ਆਫ ਐਪੀਡੇਮੀਓਲਾਜੀ ਵਿੱਚ ਛਪੀ ਇਸ ਰਿਪੋਰਟ ਦੇ ਅਧਿਐਨ ਲਈ 53000 ਨਾਰਥ ਅਮਰੀਕਾ ਦੀਆਂ ਔਰਤਾਂ ਦੇ ਆਹਾਰ ਦਾ ਮੁਲਾਂਕਣ ਕੀਤਾ ਗਿਆ। ਇਨ੍ਹਾਂ ਸਭ ਔਰਤਾਂ ਦੇ ਖਾਣੇ ਬਾਰੇ ਵੀ ਮੁਲਾਂਕਣ ਕੀਤਾ ਗਿਆ। ਇਹ ਸਾਰੀਆਂ ਔਰਤਾਂ ਸ਼ੁਰੂ ਵਿੱਚ ਕੈਂਸਰ ਮੁਕਤ ਸਨ। ਅੱਠ ਸਾਲ ਤੱਕ ਔਰਤਾਂ 'ਤੇ ਖੋਜ ਕੀਤੀ ਗਈ। ਇਸ ਖੋਜ ਵਿੱਚ ਔਰਤਾਂ ਦੇ ਵਾਤਾਵਰਣ, ਪਰਵਾਰ ਦੇ ਇਤਿਹਾਸ ਅਤੇ ਜੱਦੀ ਪ੍ਰੀਖਣ ਸਮੇਤ ਬ੍ਰੈਸਟ ਕੈਂਸਰ ਦੇ ਹੋਰ ਫੈਕਟਰਸ ਨੂੰ ਧਿਆਨ ਵਿੱਚ ਨਹੀਂ ਰੱਖਿਆ ਗਿਆ। ਇਹ ਅਧਿਐਨ ਡਾਟਾਬੇਸ ਦੇ ਮਾਧਿਅਮ ਨਾਲ ਪ੍ਰਸ਼ਨਾਵਲੀ ਅਤੇ ਵਿਸ਼ਲੇਸ਼ਣ ਦੇ ਮਾਧਿਅਮ ਨਾਲ ਕੀਤਾ ਗਿਆ ਸੀ। ਅਧਿਐਨ ਦੇ ਅੰਤ ਵਿੱਚ ਦੇਖਿਆ ਗਿਆ ਕਿ 1057 ਔਰਤਾਂ 'ਚ ਬ੍ਰੈਸਟ ਕੈਂਸਰ ਦੇ ਕੇਸ ਹਨ। ਡਾਕਟਰ ਫ੍ਰੇਜਰ ਮੁਤਾਬਕ ਡੇਅਰੀ ਫੂਡ ਤੇ ਇਸ ਵਿੱਚ ਵੀ ਖਾਸ ਤੌਰ 'ਤੇ ਦੁੱਧ ਵੱਧ ਖਤਰਨਾਕ ਹੈ। ਉਨ੍ਹਾਂ ਕਿਹਾ ਕਿ ਡੇਅਰੀ ਮਿਲਕ ਦੀ ਥਾਂ ਸੋਇਆ ਮਿਲਕ ਦੀ ਵਰਤੋਂ ਨਾਲ ਬ੍ਰੈਸਟ ਕੈਂਸਰ ਦੇ ਖਤਰਾ ਘੱਟ ਹੋ ਸਕਦਾ ਹੈ।

## ਮਾਪਿਆਂ ਦੀ ਕਾਨੂੰਨੀ ਲੜਾਈ ਵਿੱਚ ਫਸੀ ਮਾਸੂਮ ਬੱਚੀ ਦੁਬਈ ਤੋਂ ਵਾਪਸ ਲਿਆਂਦੀ

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਦੇ ਹੁਕਮ ਨੂੰ ਉਲੰਘ ਕੇ ਇਕ ਆਦਮੀ ਆਪਣੀ ਧੀ ਨੂੰ ਦੁਬਈ ਲੈ ਗਿਆ, ਪਰ ਸੀ ਬੀ ਆਈ ਦੀ ਇਕ ਟੀਮ ਅੱਜ ਵੀਰਵਾਰ ਬੱਚੀ ਨੂੰ ਵਾਪਸ ਲੈ ਆਈ ਹੈ।

ਇਸ ਬਾਰੇ ਅਧਿਕਾਰੀਆਂ ਨੇ ਕਿਹਾ ਕਿ ਉਦਯੋਗਪਤੀ ਅਮਨ ਲੋਹੀਆ ਅਤੇ ਉਨ੍ਹਾਂ ਦੀ ਪਤਨੀ ਕਿਰਨ ਕੌਰ ਲੋਹੀਆ ਵਿਚਾਲੇ ਬੱਚੀ ਦੀ ਸੰਭਾਲ ਬਾਰੇ ਕਾਨੂੰਨੀ ਲੜਾਈ ਚੱਲ ਰਹੀ ਹੈ। ਇਸ ਕੇਸ ਵਿੱਚ ਦਿੱਲੀ ਹਾਈ ਕੋਰਟ ਨੇ ਦੇਸ਼ ਨਾ ਛੱਡਣ ਦਾ ਨਿਰਦੇਸ਼ ਦਿੱਤਾ ਸੀ, ਪਰ ਅਮਨ ਲੋਹੀਆ ਆਪਣੀ 3 ਸਾਲਾ ਬੱਚੀ ਰੈਨਾ ਨੂੰ ਲੈ ਕੇ ਦੁਬਈ ਚਲੇ ਗਏ। ਸੁਪਰੀਮ ਕੋਰਟ ਦੇ ਨਿਰਦੇਸ਼ ਉੱਤੇ ਸੀ ਬੀ ਆਈ ਦੀ ਇੱਕ ਟੀਮ ਦੁਬਈ ਗਈ, ਜਿੱਥੋਂ ਉਨ੍ਹਾਂ ਨੇ 3 ਸਾਲਾ ਬੱਚੀ ਦੀ ਸੁਰੱਖਿਅਤ ਵਾਪਸੀ ਯਕੀਨੀ ਕਰਨ ਲਈ ਸਥਾਨਕ ਅਧਿਕਾਰੀਆਂ ਦੀ ਮਦਦ ਲਈ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਨੇ ਸੁਪਰੀਮ ਕੋਰਟ ਦੇ ਨਿਰਦੇਸ਼ ਉੱਤੇ ਕਾਰਵਾਈ ਬਾਰੇ ਸੂਚਿਤ ਕਰ ਦਿੱਤਾ ਹੈ। ਏਜੰਸੀ ਬੱਚੀ ਨੂੰ ਸ਼ੁੱਕਰਵਾਰ ਕੋਰਟ ਵਿੱਚ ਪੇਸ਼ ਕਰੇਗੀ, ਬੱਚੀ ਅਜੇ ਏਜੰਸੀ ਦੀ ਦੇਖ-ਰੇਖ ਵਿਚ ਹੈ।




ਹਾਈ ਕੋਰਟ ਨੇ ਬੱਚੀ ਦੀ ਸੰਭਾਲ ਦਾ ਜ਼ਿੰਮਾ ਮਾਂ ਨੂੰ ਸੌਂਪਿਆ ਸੀ ਤੇ ਅਮਨ ਨੂੰ ਹਫਤੇ ਵਿੱਚ 3 ਦਿਨ ਕੁਝ ਘੰਟਿਆਂ ਲਈ ਉਸ ਨਾਲ ਮਿਲਣ ਦੀ ਇਜਾਜ਼ਤ ਦਿੱਤੀ ਅਤੇ ਅਮਨ ਦਾ ਪਾਸਪੋਰਟ ਵੀ ਜਮ੍ਹਾਂ ਕਰਵਾ ਲਿਆ ਸੀ। ਪਿਛਲੇ ਸਾਲ 24 ਅਗਸਤ ਨੂੰ ਜਦੋਂ ਬੱਚੀ ਰੈਨਾ ਉਸ ਨੂੰ ਮਿਲਣ ਆਈ ਤਾਂ ਉਹ ਆਪਣੇ ਕੁਝ ਸਾਥੀਆਂ ਦੀ ਮਦਦ ਨਾਲ ਨੇਪਾਲ ਅਤੇ ਹੋਰ ਖਾੜੀ ਦੇਸ਼ਾਂ ਤੋਂ ਹੁੰਦੇ ਹੋਏ ਬੇਟੀ ਨੂੰ ਦੁਬਈ ਲੈ ਗਿਆ। ਅਮਨ ਨੇ ਕੈਰੇਬੀਆਈ ਦੇਸ਼ ਡੋਮੇਨਿਕਾ ਦਾ ਪਾਸਪੋਰਟ ਵਰਤਿਆ ਸੀ। ਇਸ ਤੋਂ ਬਾਅਦ ਦਿੱਲੀ ਹਾਈ ਕੋਰਟ ਨੇ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ ਸੀ। ਇਹ ਕੇਸ ਸੁਪਰੀਮ ਕੋਰਟ ਉਦੋਂ ਪੁੱਜਾ, ਜਦੋਂ ਹਾਈ ਕੋਰਟ ਦੇ ਹੁਕਮ ਵਿਰੁੱਧ ਪਟੀਸ਼ਨ ਦਾਇਰ ਕੀਤੀ ਗਈ ਸੀ।



# ਦਿੱਲੀ ਹਿੰਸਾ ਬਾਰੇ ਅਮਰੀਕਾ ਵਿੱਚ ਵੀ ਸਿਆਸਤ ਸ਼ੁਰੂ

## * ਬਰਨੀ ਸੈਂਡਰਸ ਨੇ ਟਰੰਪ ਉੱਤੇ ਦੋਸ਼ ਲਾਇਆ



ਵਾਸ਼ਿੰਗਟਨ, 27 ਫਰਵਰੀ (ਪੋਸਟ ਬਿਊਰੋ)- ਨਵੀਂ ਦਿੱਲੀ ਵਿਚ ਹੋਈ ਤਾਜ਼ਾ ਹਿੰਸਾ ਬਾਰੇ ਅਮਰੀਕਾ ਵਿਚ ਵੀ ਸਿਆਸਤ ਸ਼ੁਰੂ ਹੋ ਗਈ ਹੈ। ਅਮਰੀਕੀ ਐੱਮ ਪੀਜ਼ ਵੱਲੋਂ ਭਾਰਤੀ ਰਾਜਧਾਨੀ ਨਵੀਂ ਦਿੱਲੀ ਵਿਚ ਹਿੰਸਾ ਉੱਤੇ ਸਖਤ ਪ੍ਰਤੀਕਿਰਿਆ ਦੇਣ ਤੋਂ ਇਕ ਦਿਨ ਪਿੱਛੋਂ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਲਈ ਉਮੀਦਵਾਰ ਬਰਨੀ ਸੈਂਡਰਸ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ ਉੱਤੇ ਨਾਕਾਮ ਰਹਿਣ ਦਾ ਦੋਸ਼ ਲਾਇਆ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਿੰਦਾ ਕਰਦੇ ਹੋਏ ਸੈਂਡਰਸ ਨੇ ਕਿਹਾ ਕਿ ਟਰੰਪ ਦੀ ਭਾਰਤ ਯਾਤਰਾ ਦੌਰਾਨ ਨਵੀਂ ਦਿੱਲੀ ਵਿਚ ਹਿੰਸਾ ਬਾਰੇ ਉਨ੍ਹਾਂ ਦਾ ਬਿਆਨ ਲੀਡਰਸ਼ਿਪ ਦੀ ਨਾਕਾਮੀ ਹੈ। ਭਾਰਤ ਦੀ ਯਾਤਰਾ 'ਲੀਡਰਸ਼ਿਪ ਦੀ ਅਸਫਲਤਾ ਹੈ। ਭਾਰਤ ਯਾਤਰਾ ਦੌਰਾਨ ਹਿੰਸਾ ਦੀਆਂ ਘਟਨਾਵਾਂ ਦੇ ਬਾਰੇ ਪੁੱਛੇ ਜਾਣ ਉੱਤੇ ਅਮਰੀਕੀ ਰਾਸ਼ਟਰਪਤੀ ਨੇ ਆਖਿਆ ਕਿ ਜਿਥੋਂ ਤੱਕ ਨਿੱਜੀ ਹਮਲਿਆਂ ਦਾ ਸਵਾਲ ਹੈ, ਮੈਂ ਇਸ ਬਾਰੇ ਸੁਣਿਆ, ਪਰ ਮੋਦੀ ਨਾਲ ਚਰਚਾ ਨਹੀਂ ਕੀਤੀ। ਇਹ ਭਾਰਤ ਦਾ ਅੰਦਰੂਨੀ ਮਾਮਲਾ ਹੈ।'

ਇਸ ਬਾਰੇ ਪ੍ਰਤੀਕਿਰਿਆ ਦਿੰਦੇ ਹੋਏ ਸੈਂਡਰਸ ਨੇ ਟਵੀਟ ਕੀਤਾ ਕਿ 20 ਕਰੋੜ ਤੋਂ ਵੱਧ ਮੁਸਲਮਾਨ ਭਾਰਤ ਨੂੰ ਆਪਣਾ ਘਰ ਆਖਦੇ ਹਨ। ਵੱਡੇ ਪੈਮਾਨੇ ਉੱਤੇ ਮੁਸਲਿਮ ਵਿਰੋਧੀ ਭੀੜ ਦੀ ਹਿੰਸਾ ਵਿਚ ਘੱਟੋ-ਘੱਟ 27 ਲੋਕ ਮਾਰੇ ਗਏ ਤੇ ਕਈ ਹੋਰ ਜ਼ਖਮੀ ਹੋਏ ਹਨ। ਟਰੰਪ ਨੇ ਇਹ ਆਖ ਕੇ ਜਵਾਬ ਦਿੱਤਾ ਕਿ ਇਹ ਭਾਰਤ ਦਾ ਅੰਦਰੂਨੀ ਮਾਮਲਾ ਹੈ। ਇਹ ਮਨੁੱਖੀ ਅਧਿਕਾਰਾਂ ਬਾਰੇ ਲੀਡਰਸ਼ਿਪ ਦੀ ਨਾਕਾਮੀ ਹੈ।

ਬਰਨੀ ਸੈਂਡਰਸ ਭਾਰਤ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਕਾਰਨ ਹਿੰਸਾ ਖਿਲਾਫ ਬੋਲਣ ਵਾਲੀ ਇੱਕ ਹੋਰ ਸੈਨੇਟਰ ਏਲੀਜ਼ਾਬੇਥ ਵਾਰੇਨ ਤੋਂ ਬਾਅਦ ਡੈਮੋਕ੍ਰੇਟਿਕ ਅਹੁਦੇ ਦੇ ਦੂਜੇ ਉਮੀਦਵਾਰ ਹਨ। ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਤੋਂ ਬਿਨਾ ਹੋਰ ਸੈਨੇਟਰਾਂ ਨੇ ਵੀ ਇਨ੍ਹਾਂ ਘਟਨਾਵਾਂ ਉੱਤੇ ਚਿੰਤਾ ਜਤਾਈ ਹੈ। ਡੈਮੋਕ੍ਰੇਟਿਕ ਪਾਰਟੀ ਦੇ ਪਾਰਲੀਮੈਂਟ ਮੈਂਬਰ ਮਾਰਕ ਵਾਰਨਰ ਅਤੇ ਰਿਪਬਲੀਕਨ ਪਾਰਟੀ ਦੇ ਜਾਨ ਕੋਰਨਿਨ ਨੇ ਇਕ ਸਾਂਝੇ ਬਿਆਨ ਵਿਚ ਆਖਿਆ ਹੈ ਕਿ ਅਸੀਂ ਨਵੀਂ ਦਿੱਲੀ ਵਿਚ ਹੋਈ ਤਾਜ਼ਾ ਹਿੰਸਾ ਤੋਂ ਚਿੰਤਤ ਹਾਂ। ਅਸੀਂ ਆਪਣੇ ਸਬੰਧ ਅੱਗੇ ਵਧਾਉਣ ਲਈ ਚਿੰਤਾ ਦੇ ਅਹਿਮ ਮੁੱਦਿਆਂ ਉੱਤੇ ਖੁੱਲ੍ਹੀ ਗੱਲਬਾਤ ਦਾ ਸਮਰਥਨ ਕਰਦੇ ਰਹਾਂਗੇ।

ਇਸ ਤੋਂ ਪਹਿਲਾਂ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ ਨੇ ਭਾਰਤ ਸਰਕਾਰ ਨੂੰ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ।

# ਪਾਕਿ ਨੂੰ ਟਿੱਡੀ ਦਲ ਤੋਂ ਬਚਾਉਣ ਲਈ ਚੀਨ ਇੱਕ ਲੱਖ ਬਤਖਾਂ ਵੀ ਭੇਜੇਗਾ

ਇਸਲਾਮਾਬਾਦ, 27 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਮੁਤਾਬਕ ਦੇਸ਼ ਨੂੰ ਇਸ ਦਹਾਕੇ ਦੇ ਸਭ ਤੋਂ ਵੱਡੇ ਟਿੱਡੀ ਦਲ ਤੋਂ ਬਚਾਉਣ ਲਈ ਚੀਨ ਖਾਸ ਤਰ੍ਹਾਂ ਦੀਆਂ 1 ਲੱਖ ਬਤਖਾਂ ਭੇਜੇਗਾ। ਪੂਰਬੀ ਚੀਨ ਦੇ ਝੇਜਿਯਾਂਗ ਸੂਬੇ ਤੋਂ ਆ ਰਹੀਆਂ ਇਹ ਬਤਖਾਂ ਕੀੜਿਆਂ ਦੇ ਹਮਲੇ ਵਿਚ ਇਕ ਹਥਿਆਰ ਵਾਂਗ ਹਨ।

ਇਸ ਤੋਂ ਪਹਿਲਾਂ ਚੀਨ ਏਥੇ ਸਥਿਤੀ ਨੂੰ ਸਮਝਣ ਤੇ ਪਾਕਿ-ਸਤਾਨ ਨੂੰ ਸਲਾਹ ਦੇਣ ਦੇ ਲਈ ਮਾਹਰਾਂ ਦੀ ਇਕ ਟੀਮ ਵੀ ਭੇਜ ਚੁੱਕਾ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਚੀਨ ਦੇ ਸ਼ਿੰਕਿਯਾਂਗ ਵਿਚ ਦੋ ਦਿਹਾਕੇ ਪਹਿਲਾਂ ਇਸੇ ਤਰ੍ਹਾਂ ਦਾ ਟਿੱਡੀ ਦਲ ਦਾ ਹਮਲਾ ਹੋਇਆ ਸੀ। ਓਦੋਂ ਚੀਨ ਨੇ ਇਨ੍ਹਾਂ ਬਤਖਾਂ ਨੂੰ ਤਾਇਨਾਤ ਕੀਤਾ ਸੀ। ਇਹ ਬਤਖਾਂ ਇਕ ਦਿਨ ਵਿਚ ਕਈ ਟਿੱਡਿਆਂ ਨੂੰ ਖਾ ਜਾਂਦੀਆਂ ਹਨ ਤੇ ਕੀਟਨਾਸ਼ਕਾਂ ਦੀ ਥਾਂ ਬਤਖਾਂ ਦੀ ਵਰਤੋਂ ਨਾਲ ਖਰਚਾ ਘੱਟ ਹੋਵੇਗਾ ਤੇ ਵਾਤਾਵਰਣ ਨੂੰ ਨੁਕਸਾਨ ਨਹੀਂ ਹੋਵੇਗਾ। ਅਖਬਾਰ ਨੇ ਸ਼ੇਜਿਯਾਂਗ ਪ੍ਰੋਵਿੰਸ਼ੀਅਲ ਇੰਸਟੀਚਿਊਟ ਆਫ ਐਗਰੀਕਲਚਰ ਟੈਕਨਾਲੋਜੀ ਦੇ ਖੋਜਕਾਰ ਲੂ ਲਿਜੀ ਦੇ ਹਵਾਲੇ ਨਾਲ ਕਿਹਾ ਕਿ ਕੀਟਨਾਸ਼ਕਾਂ ਦੀ ਥਾਂ ਬਤਖਾਂ ਦੀ ਵਰਤੋਂ ਨਾਲ ਖਰਚਾ ਘੱਟ ਹੁੰਦਾ ਹੈ ਅਤੇ ਵਾਤਾਵਰਣ ਨੂੰ ਵੀ ਨੁਕਸਾਨ ਨਹੀਂ ਹੁੰਦਾ। ਲੂ ਨੇ ਇਹ ਵੀ ਕਿਹਾ ਕਿ ਹੋਰ ਘਰੇਲੂ ਪੰਛੀਆਂ ਦੇ ਮੁਕਾਬਲੇ ਬਤਖ ਇਸ ਕੰਮ ਨੂੰ ਜ਼ਿਆਦਾ ਚੰਗੀ ਤਰ੍ਹਾਂ ਕਰ ਸਕਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਬਤਖਾਂ ਗਰੁੱਪ ਵਿਚ ਰਹਿਣਾ ਪਸੰਦ ਕਰਦੀਆਂ ਹਨ ਤੇ ਇਸ ਕਾਰਨ ਮੁਰਗੀਆਂ ਦੇ ਮੁਕਾਬਲੇ ਉਹਨਾਂ ਦੀ ਦੇਖਭਾਲ ਵਧੇਰੇ ਸੌਖੀ ਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਇਕ ਬਤਖ ਇਕ ਦਿਨ ਵਿਚ 200 ਤੋਂ ਵਧੇਰੇ ਟਿੱਡਿਆਂ ਨੂੰ ਖਾ ਸਕਦੀ ਹੈ।

# ਪਾਕਿਸਤਾਨ ਸਰਕਾਰ ਨੇ ਨਵਾਜ਼ ਸ਼ਰੀਫ ਨੂੰ ਭਗੌੜਾ ਐਲਾਨ ਕੀਤਾ



ਇਸਲਾਮਾਬਾਦ, 27 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਇਮਰਾਨ ਖਾਨ ਸਰਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੂੰ ਭਗੌੜਾ ਐਲਾਨ ਕਰ ਦਿੱਤਾ ਹੈ। ਸਰਕਾਰ ਨੇ ਸ਼ਰੀਫ 'ਤੇ ਆਪਣੀ ਮੈਡੀਕਲ ਰਿਪੋਰਟ ਨਾ ਭੇਜਣ ਅਤੇ ਜ਼ਮਾਨਤ ਦੇ ਨਿਯਮਾਂ ਦਾ ਉਲੰਘਣ ਕਰਨ ਦਾ ਦੋਸ਼ ਲਾਇਆ ਹੈ। ਇਸ ਦੇ ਨਾਲ ਉਨ੍ਹਾਂ ਦੀ ਜ਼ਮਾਨਤ ਰੱਦ ਕਰ ਦਿੱਤੀ ਗਈ ਹੈ। ਭ੍ਰਿਸ਼ਟਾਚਾਰ ਦੇ ਕੇਸ ਵਿੱਚ ਸੱਤ ਸਾਲ ਜੇਲ੍ਹ ਦੀ ਸਜ਼ਾ ਭੁਗਤ ਰਹੇ ਸ਼ਰੀਫ ਨੂੰ ਪਿਛਲੇ ਸਾਲ 29 ਅਕਤੂਬਰ ਨੂੰ ਹਾਈ ਕੋਰਟ ਨੇ ਸਿਹਤ ਸੰਬੰਧੀ ਕਾਰਨਾਂ ਕਰ ਕੇ ਅੱਠ ਹਫਤੇ ਦੀ ਜ਼ਮਾਨਤ ਦਿੱਤੀ ਸੀ। ਉਹ 19 ਨਵੰਬਰ ਨੂੰ ਇਲਾਜ ਦੇ ਲਈ ਲੰਡਨ ਗਏ ਸਨ, ਪਰ ਓਦੋਂ ਤੋਂ ਵਾਪਸ ਨਹੀਂ ਆਏ।

ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸਲਾਹਕਾਰ ਡਾਕਟਰ ਫਿਰਦੌਸ ਆਸ਼ਿਕ ਅਵਾਨ ਨੇ ਕੱਲ੍ਹ ਕੈਬਨਿਟ ਬੈਠਕ ਦੇ ਬਾਅਦ ਕਿਹਾ ਕਿ ਨਵਾਜ਼ ਸ਼ਰੀਫ ਆਪਣੀ ਮੈਡੀਕਲ ਰਿਪੋਰਟ ਭੇਜਣ ਵਿੱਚ ਨਾਕਾਮਬਾਯ ਰਹੇ। ਉਨ੍ਹਾਂ ਨੇ ਇੱਕ ਮੈਡੀਕਲ ਸਰਟੀਫਿਕੇਟ ਭੇਜਿਆ, ਜੋ ਕਾਫੀ ਨਹੀਂ ਹੈ। ਇਸੇ ਆਧਾਰ 'ਤੇ ਉਨ੍ਹਾਂ ਨੂੰ ਭਗੌੜਾ ਐਲਾਨਿਆ ਗਿਆ ਹੈ। ਉਹ ਛੇਤੀ ਲੰਡਨ ਤੋਂ ਨਾ ਪਰਤੇ ਤਾਂ ਉਨ੍ਹਾਂ ਨੂੰ ਐਲਾਨਿਆ ਅਪਰਾਧੀ ਮੰਨਿਆ ਜਾਵੇਗਾ। ਇਸਲਾਮਾਬਾਦ ਕੋਰਟ ਨੇ ਪੰਜਾਬ ਸਰਕਾਰ ਨੂੰ ਇਸ ਮਾਮਲੇ 'ਤੇ ਨਜ਼ਰ ਰੱਖਣ ਲਈ ਕਿਹਾ ਸੀ। ਸ਼ਰੀਫ ਨੂੰ ਕਈ ਵਾਰ ਪੱਤਰ ਲਿਖ ਕੇ ਲੰਡਨ ਦੇ ਕਿਸੇ ਹਸਪਤਾਲ ਦੀ ਮੈਡੀਕਲ ਰਿਪੋਰਟ ਦਾਖਲ ਕਰਨ ਲਈ ਕਿਹਾ ਗਿਆ ਸੀ, ਪਰ ਉਨ੍ਹਾਂ ਨੇ ਇੱਕ ਸਰਟੀਫਿਕੇਟ ਭੇਜਿਆ, ਜਿਸ ਨੂੰ ਮੈਡੀਕਲ ਬੋਰਡ ਨੇ ਰੱਦ ਕਰ ਦਿੱਤਾ। ਜੇ ਨਵਾਜ਼ ਵਾਕਈ ਗੰਭੀਰ ਬਿਮਾਰੀ ਨਾਲ ਜੂਝ ਰਹੇ ਹਨ ਤਾਂ ਉਨ੍ਹਾਂ ਨੂੰ ਵਿਸਤ੍ਰਿਤ ਮੈਡੀਕਲ ਰਿਪੋਰਟ ਦਾਖਲ ਕਰਨ ਵਿੱਚ ਕੀ ਇਤਰਾਜ਼ ਹੈ? ਸ਼ਰੀਫ ਦੇ ਡਾਕਟਰ ਨੇ ਦਾਅਵਾ ਕੀਤਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਦਿਲ ਦੀ ਬਿਮਾਰੀ ਨਾਲ ਜੂਝ ਰਹੇ ਹਨ। ਇਸ ਬਿਮਾਰੀ ਦਾ ਹੱਲ ਸਰਜਰੀ ਨਾਲ ਹੋ ਸਕਦਾ ਹੈ, ਜੋ ਕਾਫੀ ਮੁਸ਼ਕਲ ਹੈ।

ਇਮਰਾਨ ਦੀ ਸਲਾਹਕਾਰ ਨੇ ਨਵਾਜ਼ ਸ਼ਰੀਫ ਦੇ ਭਰਾ ਸ਼ਾਹਬਾਜ਼ ਸ਼ਰੀਫ 'ਤੇ ਵੀ ਕਰਾਰਾ ਹਮਲਾ ਬੋਲਿਆ। ਉਨ੍ਹਾਂ ਨੇ ਕਿਹਾ, ਸ਼ਾਹਬਾਜ਼ ਮਹੀਨਿਆਂ ਤੋਂ ਬਿਨਾਂ ਕਿਸੇ ਕਾਰਨ ਲੰਡਨ ਵਿੱਚ ਹਨ। ਉਹ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਨਹੀਂ ਨਿਭਾ ਰਹੇ। ਇਥੇ ਉਨ੍ਹਾਂ ਦੇ ਲਈ ਸ਼ਾਨਦਾਰ ਦਫਤਰ ਦੀ ਵਿਵਸਥਾ ਹੈ, ਜਿਸ 'ਤੇ ਹਰ ਮਹੀਨੇ ਕਾਫੀ ਖਰਚ ਹੁੰਦਾ ਹੈ। ਉਨ੍ਹਾਂ ਨੂੰ ਤੁਰੰਤ ਲੰਡਨ ਤੋਂ ਪਰਤਣਾ ਚਾਹੀਦਾ ਹੈ।

# ਦਿੱਲੀ ਹਿੰਸਾ ਵਿੱਚ ਹੋਈਆਂ ਮੌਤਾਂ ਤੋਂ ਯੂ ਐੱਨ ਦਾ ਮੁਖੀ ਵੀ ਦੁਖੀ

ਯੂ ਐੱਨ ਓ, 27 ਫਰਵਰੀ (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਵਿਚ ਦੇ ਬਾਅਦ ਭਾਰਤ ਦੀ ਰਾਜਧਾਨੀ ਦਿੱਲੀ ਦੇ ਉੱਤਰ ਪੂਰਬੀ ਇਲਾਕੇ ਵਿਚ ਫਿਰਕੂ ਹਿੰਸਾ ਨਾਲ ਕਈ ਲੋਕਾਂ ਦੀ ਮੌਤ ਹੋਣ ਤੋਂ ਯੂ ਐੱਨ ਓ ਦੇ ਮੁਖੀ ਐਂਟੋਨੀਓ ਗੁਤਾਰੇਸ ਬਹੁਤ ਦੁਖੀ ਹਨ ਤੇ ਉਨ੍ਹਾਂ ਨੇ ਇਸ ਬਾਰੇ ਵਧੇਰੇ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਵਰਨਣ ਯੋਗ ਹੈ ਕਿ ਦਿੱਲੀ ਵਿਚ ਨਾਗਰਿਕਤਾ ਸੋਧ ਕਾਨੂੰਨ ਪਿੱਛੋਂ ਹਿੰਸਾ ਵਿਚ 34 ਲੋਕਾਂ ਦੀ ਮੌਤ ਹੋਈ ਅਤੇ 200 ਤੋਂ ਵਧੇਰੇ ਜ਼ਖਮੀ ਹੋਏ ਹਨ। ਯੂ ਐਨ ਦੇ ਸੈਕਟਰੀ ਜਨਰਲ ਐਂਟੋਨੀਆ ਗੁਤਾਰੇਸ ਦੇ ਬੁਲਾਰੇ ਸਟਿਫਨ ਦੁਜ-'ਰਿਕ ਨੇ ਰੋਜ਼ਾਨਾ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਦਿੱਲੀ ਵਿਚ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਲੋਕਾਂ ਦੇ ਮਰਨ ਦੀਆਂ ਖਬਰਾਂ ਤੋਂ ਉਹ (ਯੂ ਐੱਨ ਦੇ ਮੁਖੀ) ਬਹੁਤ ਦੁਖੀ ਹਨ। ਉਨ੍ਹਾਂ ਨੇ ਹਿੰਸਾ ਟਾਲਣ ਲਈ ਹੋਰ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਦੁਜ-'ਰਿਕ ਤੋਂ ਪੁੱਛਿਆ ਗਿਆ ਸੀ ਕਿ ਕੀ



ਨਾਗਰਿਕਤਾ ਸੋਧ ਐਕਟ ਬਾਰੇ ਨਵੀਂ ਦਿੱਲੀ ਦੇ ਕੁਝ ਹਿੱਸਿਆਂ ਵਿਚ ਹੋ ਰਹੇ ਵਿਰੋਧ ਪ੍ਰਦਰਸ਼ਨ ਉੱਤੇ ਜਨਰਲ ਸਕੱਤਰ ਕੋਈ ਟਿੱਪਣੀ ਕਰਨਗੇ ਤੇ ਕੀ ਭਾਰਤ ਸਰਕਾਰ ਨਾਲ ਉਨ੍ਹਾਂ ਦੀ ਇਸ ਬਾਰੇ ਗੱਲਬਾਤ ਹੋਈ ਹੈ।

ਇਸ ਤੋਂ ਪਹਿਲਾਂ ਦੁਜਾਰਿਕ ਨੇ ਕਿਹਾ ਸੀ ਕਿ ਨਵੀਂ ਦਿੱਲੀ ਦੀ ਸਥਿਤੀ ਉੱਤੇ ਗੁਤਾਰੇਸ ਨਜ਼ਰ ਰੱਖੇ ਹੋਏ ਹਨ ਅਤੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤੀ ਪੂਰਨ ਪ੍ਰਦਰਸ਼ਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ਤੇ ਸੁਰੱਖਿਆ ਬਲਾਂ ਨੂੰ ਸੰਜਮ ਵਰਤਣਾ ਚਾਹੀਦਾ ਹੈ। ਭਾਰਤ ਦੇ ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਵੀਸ਼ ਕੁਮਾਰ ਨੇ ਅੱਜ ਕਿਹਾ ਕਿ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਹਿੰਸਾ ਰੋਕਣ, ਵਿਸ਼ਵਾਸ ਬਹਾਲੀ ਅਤੇ ਆਮ ਸਥਿਤੀ ਬਹਾਲ ਕਰਨ ਦੇ ਲਈ ਜ਼ਮੀਨੀ ਪੱਧਰ ਉੱਤੇ ਕੰਮ ਕਰ ਰਹੀਆਂ ਹਨ। ਉਨ੍ਹਾ ਕਿਹਾ ਕਿ ਸਰਕਾਰ ਦੇ ਸੀਨੀਅਰ ਪ੍ਰਤੀਨਿਧ ਪ੍ਰਕਿਰਿਆ ਵਿਚ ਸ਼ਾਮਲ ਹਨ। ਪ੍ਰਧਾਨ ਮੰਤਰੀ ਨੇ ਜਨਤਕ ਤੌਰ ਉੱਤੇ ਸ਼ਾਂਤੀ ਤੇ ਭਾਈਚਾਰੇ ਦੀ ਅਪੀਲ ਕੀਤੀ ਹੈ।



## ਫੇਰ ਇੱਕ ਪੰਜਾਬੀ ਮੁਟਿਆਰ ਚਾਰ ਮਹੀਨੇ ਖੱਜਲ ਹੋ ਕੇ ਮਸਕਟ ਤੋਂ ਮੁੜੀ

ਫ਼ਰੀਦਕੋਟ, 27 ਫਰਵਰੀ (ਪੋਸਟ ਬਿਊਰੋ)- ਏਜੰਟਾਂ ਰਾਹੀਂ ਲੱਖਾਂ ਰੁਪਏ ਖਰਚ ਕਰ ਕੇ ਮਸਕਟ ਗਈ ਪਿੰਡ ਅਰਾਈਆਂ ਵਾਲਾ ਕਲਾਂ ਦੀ ਮੁਟਿਆਰ ਚਾਰ ਮਹੀਨੇ ਖੱਜਲ ਹੋਣ ਮਗਰੋਂ ਪਰਤ ਆਈ ਹੈ। ਪੀੜਤ ਲੜਕੀ ਮੁਤਾਬਕ ਚਾਰ ਮਹੀਨੇ ਪਹਿਲਾਂ ਜ਼ੀਰਾ ਦੇ ਇੱਕ ਏਜੰਟ ਨੇ ਦੋ ਲੱਖ ਰੁਪਏ ਲੈ ਕੇ ਉਸ ਨੂੰ ਮਸਕਟ ਭੇਜਿਆ ਅਤੇ ਭਰੋਸਾ ਦਿੱਤਾ ਸੀ ਕਿ ਚੰਗੀ ਕੰਪਨੀ ਵਿੱਚ ਰੁਜ਼ਗਾਰ ਦਿਵਾਇਆ ਜਾਵੇਗਾ। ਉਸ ਨੇ ਦੱਸਿਆ ਕਿ ਏਜੰਟਾਂ ਨੇ 11 ਲੜਕੀਆਂ ਮਸਕਟ ਭੇਜੀਆਂ ਸਨ, ਜਿਨ੍ਹਾਂ ਵਿੱਚੋਂ ਤਿੰਨ ਅਜੇ ਵੀ ਉਥੇ ਫਸੀਆਂ ਹੋਈਆਂ ਹਨ ਅਤੇ ਉਨ੍ਹਾਂ ਦੇ ਪਾਸਪੋਰਟ ਅਣਪਛਾਤੇ ਬੰਦਿਆਂ ਨੇ ਖੋਹ ਲਏ ਹਨ। ਅੱਠ ਲੜਕੀਆਂ ਆਪਣੇ ਮਾਪਿਆਂ ਅਤੇ ਪਿੰਡ ਵਾਸੀਆਂ ਦੀ ਮਦਦ ਨਾਲ ਘਰਾਂ ਨੂੰ ਮੁੜ ਆਈਆਂ ਹਨ। ਪੀੜਤ ਲੜਕੀ ਨੇ ਦੱਸਿਆ ਕਿ ਉਥੇ ਲੜਕੀਆਂ ਨੂੰ ਆਪਣੇ ਮਾਪਿਆਂ ਨਾਲ ਗੱਲ ਕਰਨ ਦੀ ਆਗਿਆ ਵੀ ਨਹੀਂ ਦਿੱਤੀ ਜਾਂਦੀ ਸੀ ਤੇ ਉਨ੍ਹਾਂ ਨਾਲ ਗ਼ੈਰ-ਮਨੁੱਖੀ ਵਿਹਾਰ ਕੀਤਾ ਜਾਂਦਾ ਸੀ।

## ਬੇਅਦਬੀ ਮਾਮਲਾ ਵਿਚ ਸੀ ਬੀ ਆਈ ਨੇ ਅਦਾਲਤ ਤੋਂ 15 ਦਿਨਾਂ ਦੀ ਮੋਹਲਤ ਮੰਗੀ

ਮੁਹਾਲੀ, 27 ਫਰਵਰੀ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸਾਂ ਦੀ ਸੁਣਵਾਈ ਕੱਲ੍ਹ ਮੁਹਾਲੀ ਵਿੱਚ ਸੀ ਬੀ ਆਈ ਦੇ ਵਿਸ਼ੇਸ਼ ਜੱਜ ਜੀ ਐਸ ਸੇਖੋਂ ਦੀ ਅਦਾਲਤ ਵਿੱਚ ਹੋਈ ਤਾਂ ਇਸ ਦੌਰਾਨ ਪੰਜਾਬ ਸਰਕਾਰ, ਸੀ ਬੀ ਆਈ ਅਤੇ ਸ਼ਿਕਾਇਤ ਕਰਤਾਵਾਂ ਦੇ ਵਕੀਲਾਂ ਵਿੱਚ ਕਲੋਜ਼ਰ ਰਿਪੋਰਟ, ਸੀ ਬੀ ਆਈ ਦੀ ਐਸ ਐਲ ਪੀ ਰੱਦ ਹੋਣ ਸਮੇਤ ਹੋਰ ਮੁੱਦਿਆਂ ਉੱਤੇ ਬਹਿਸ ਹੋਈ। ਸੀ ਬੀ ਆਈ ਨੇ ਸਟੇਟਸ ਰਿਪੋਰਟ ਦੇ ਨਾਲ ਇੱਕ ਹੋਰ ਵੱਖਰੀ ਅਰਜ਼ੀ ਦਾਇਰ ਕਰਕੇ ਅਦਾਲਤ ਤੋਂ ਇਹ ਕਹਿ ਕੇ 15 ਦਿਨਾਂ ਦੀ ਮੋਹਲਤ ਮੰਗੀ ਕਿ ਬੀਤੇ ਦਿਨੀਂ ਸੁਪਰੀਮ ਕੋਰਟ ਵੱਲੋਂ ਉਨ੍ਹਾਂ (ਸੀ ਬੀ ਆਈ) ਦੀ ਸਪੈਸ਼ਲ ਲੀਵ ਪਟੀਸ਼ਨ (ਐਸ ਐਲ ਪੀ) ਨੂੰ ਰੱਦ ਕਰਨ ਦੇ ਫ਼ੈਸਲੇ ਦੀ ਜੱਜਮੈਂਟ ਹਾਲੇ ਮਿਲੀ। ਸੀ ਬੀ ਆਈ ਜਾਣਨਾ ਚਾਹੁੰਦੀ ਹੈ ਕਿ ਸੁਪਰੀਮ ਕੋਰਟ ਨੇ ਕਿਹੜੇ ਕਾਰਨਾਂ ਕਰਕੇ ਉਨ੍ਹਾਂ ਦੀ ਅਰਜ਼ੀ ਰੱਦ ਕੀਤੀ ਹੈ।



ਪੰਜਾਬ ਸਰਕਾਰ ਵੱਲੋਂ ਸਰਕਾਰੀ ਵਕੀਲ ਸੰਜੀਵ ਬੱਤਰਾ ਨੇ ਸੀ ਬੀ ਆਈ ਦੀਆਂ ਦਲੀਲਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਕੇਸ ਵਿੱਚ ਪਹਿਲਾਂ ਹੀ ਦੇਰ ਚੁੱਕੀ ਹੈ, ਜਾਂਚ ਏਜੰਸੀ ਨੂੰ ਹੋਰ ਸਮਾਂ ਨਾ ਦਿੱਤਾ ਜਾਵੇ। ਸ਼ਿਕਾਇਤ ਕਰਤਾਵਾਂ ਦੇ ਵਕੀਲ ਨੇ ਮੰਗ ਕੀਤੀ ਕਿ ਜੇ ਵਿਸੇਸ਼ ਜਾਂਚ ਟੀਮ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਤਾਂ ਇਹ ਛੇਤੀ ਸਿਰੇ ਲਾਈ ਜਾਵੇ ਅਤੇ ਸੀ ਬੀ ਆਈ ਦੀ ਅਰਜ਼ੀ ਬਾਰੇ ਰਾਜ ਸਰਕਾਰ ਵੀ ਐਫੀਡੇਵਿਟ ਦੇਵੇ ਤਾਂ ਜੋ ਅਦਾਲਤੀ ਕਾਰਵਾਈ ਹੋਰ ਲੇਟ ਨਾ ਹੋ ਸਕੇ। ਦੂਸਰੇ ਪਾਸੇ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਕੱਲ੍ਹ ਪਹਿਲੀ ਵਾਰ ਅਦਾਲਤ ਵਿੱਚ ਪੇਸ਼ ਹੋਏ ਅਤੇ ਖ਼ੁਦ ਬਹਿਸ ਕੀਤੀ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਐੱਸ ਆਈ ਟੀ ਆਪਣੇ ਪੱਧਰ 'ਤੇ ਜਾਂਚ ਕਰ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਦੇ ਮੈਨੇਜਰ ਦੇ ਵਕੀਲ ਸਤਨਾਮ ਸਿੰਘ ਕਲੇਰ ਨੇ ਕਿਹਾ ਕਿ ਇਸ ਕੇਸ ਬਾਰੇ ਪੰਜਾਬ ਸਰਕਾਰ ਗੰਭੀਰ ਨਹੀਂ ਅਤੇ ਸੀ ਬੀ ਆਈ ਨੇ ਸਿਰਫ਼ ਸਰਕਾਰ ਨੂੰ ਪਾਰਟੀ ਬਣਾਇਆ ਹੈ, ਜਦੋਂ ਕਿ ਮੁੱਦਈ ਧਿਰ ਨੂੰ ਵੀ ਪਾਰਟੀ ਬਣਾਉਣਾ ਚਾਹੀਦਾ ਸੀ। ਸ਼ਿਕਾਇਤ ਕਰਤਾਵਾਂ ਦੇ ਵਕੀਲਾਂ ਨੇ ਉਨ੍ਹਾਂ ਨੂੰ ਸੀ ਬੀ ਆਈ ਦੀ ਸਪੈਸ਼ਲ ਲੀਵ ਪਟੀਸ਼ਨ (ਐਸ ਐਲ ਪੀ) ਦੀ ਕਾਪੀ ਦੇਣ ਦੀ ਮੰਗ ਕੀਤੀ, ਜਿਸ ਨੂੰ ਵੇਖਣ ਮਗਰੋਂ ਹੀ ਉਹ ਆਪਣਾ ਠੋਸ ਪੱਖ ਰੱਖ ਸਕਦੇ ਹਨ। ਅਦਾਲਤ ਵੱਲੋਂ ਦਲੀਲਾਂ ਸੁਣਨ ਮਗਰੋਂ ਕੇਸ ਦੀ ਅਗਲੀ ਸੁਣਵਾਈ ਲਈ ਛੇ ਮਾਰਚ ਦਾ ਦਿਨ ਨਿਸ਼ਚਿਤ ਕੀਤਾ ਗਿਆ।

## ਖ਼ੁਫ਼ੀਆ ਤੰਤਰ ਸ੍ਰੀ ਕਰਤਾਰਪੁਰ ਸਾਹਿਬ ਗਏ ਸ਼ਰਧਾਲੂਆਂ ਦੇ ਘਰ ਤੱਕ ਜਾ ਪੁੱਜਿਆ

ਕਾਹਨੂੰਵਾਨ, 27 ਫਰਵਰੀ (ਪੋਸਟ ਬਿਊਰੋ)- ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਵਾਪਸ ਆਏ ਪਿੰਡ ਡੇਅਰੀਵਾਲ ਦੇ ਕੁਝ ਸਿੱਖ ਸ਼ਰਧਾਲੂਆਂ ਦੀ ਪੁਲਸ ਵੱਲੋਂ ਕੀਤੀ ਜਾ ਰਹੀ ਪੁੱਛਗਿੱਛ ਤੋਂ ਸੰਗਤ 'ਚ ਰੋਸ ਹੈ। ਇਹ ਸ਼ਰਧਾਲੂ ਪਿਛਲੇ ਦਿਨੀਂ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨਾਂ ਨੂੰ ਗਏ ਸਨ।

ਪਿੰਡ ਡੇਅਰੀਵਾਲ ਦੇ ਰਣਜੀਤ ਸਿੰਘ ਤੇ ਹਰਦੀਪ ਸਿੰਘ ਦੇ ਮੁਤਾਬਕ ਉਹ ਬੀਤੇ ਦਿਨੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਗਏ ਸਨ। ਜਦੋਂ ਉਹ ਵਾਪਸ ਆਏ ਤਾਂ ਡੇਰਾ ਬਾਬਾ ਨਾਨਕ ਸਰਹੱਦ 'ਤੇ ਖ਼ੁਫ਼ੀਆ ਏਜੰਸੀਆਂ ਦੇ ਅਧਿਕਾਰੀਆਂ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ। ਫਿਰ ਉਹ ਘਰ ਆ ਗਏ। ਕੁਝ ਦਿਨਾਂ ਬਾਅਦ ਥਾਣਾ ਧਾਰੀਵਾਲ ਦੀ ਪੁਲਸ ਉਨ੍ਹਾਂ ਦੇ ਘਰ ਪੁੱਜੀ ਤੇ ਉਨ੍ਹਾਂ ਨੂੰ ਪਾਕਿਸਤਾਨ ਫੇਰੀ ਬਾਰੇ ਪੁੱਛਗਿੱਛ ਲਈ ਤੰਗ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਨੌਜਵਾਨਾਂ ਨੇ ਕਿਹਾ ਕਿ ਪੁਲਸ ਨੇ ਉਨ੍ਹਾਂ ਕੋਲੋਂ ਪੁੱਛਿਆ, 'ਪਾਕਿਸਤਾਨ ਦੀ ਪੁਲਸ ਤੇ ਫ਼ੌਜ ਨੇ ਤੁਹਾਡੇ ਨਾਲ ਕਿੱਦਾਂ ਦਾ ਵਿਹਾਰ ਕੀਤਾ ਹੈ? ਪਾਕਿਸਤਾਨ ਦੇ ਲੋਕਾਂ ਦਾ ਤੁਹਾਡੇ ਨਾਲ ਵਤੀਰਾ ਕਿੱਦਾਂ ਸੀ?" ਉਨ੍ਹਾਂ ਨੇ ਪੁਲਸ ਨੂੰ ਦੱਸਿਆ ਕਿ ਪਾਕਿਸਤਾਨੀ ਫ਼ੌਜ ਤੇ ਪੁਲਸ ਦਾ ਵਿਹਾਰ ਨਿਮਰਤਾ ਤੇ ਮਹਿਮਾਨ-ਨਿਵਾਜ਼ੀ ਵਾਲਾ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਥਾਣੇ ਸੱਦ ਕੇ ਵਾਰ-ਵਾਰ ਪੁੱਛਗਿੱਛ ਕੀਤੀ ਗਈ ਕਿ ਪਾਕਿਸਤਾਨ ਵਿੱਚ ਉਨ੍ਹਾਂ ਨੂੰ ਕੌਣ-ਕੌਣ ਲੋਕ ਮਿਲੇ ਅਤੇ ਪੁਲਸ ਤੇ ਹੋਰ ਸੁਰੱਖਿਆ ਏਜੰਸੀਆਂ ਨੇ ਉਨ੍ਹਾਂ ਨਾਲ ਕਿਸ ਤਰ੍ਹਾਂ ਦਾ ਵਿਹਾਰ ਕੀਤਾ। ਇਸ ਪਿੰਡ ਦੇ ਮੋਹਤਬਰਾਂ ਦਾ ਕਹਿਣਾ ਹੈ ਕਿ ਖ਼ੁਫ਼ੀਆ ਏਜੰਸੀਆਂ ਦਾ ਇਹ ਵਤੀਰਾ ਨਿੰਦਣਯੋਗ ਹੈ ਅਤੇ ਪਾਕਿਸਤਾਨ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਵਿੱਚ ਡਰ ਪੈਦਾ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਇਸੇ ਪਿੰਡ ਦੇ ਮਨਿੰਦਰਪਾਲ ਸਿੰਘ ਘੁੰਮਣ ਨੇ ਕਿਹਾ ਕਿ ਇਸ ਵਿਹਾਰ ਕਾਰਨ ਉਨ੍ਹਾਂ ਦੇ ਪਿੰਡ ਦੇ ਕਰਤਾਰਪੁਰ ਸਾਹਿਬ ਜਾਣ ਵਾਲੇ ਚਾਹਵਾਨ ਸ਼ਰਧਾਲੂ ਡਰੇ ਹੋਏ ਹਨ। ਉਨ੍ਹਾਂ ਨੂੰ ਡਰ ਹੈ ਕਿ ਜੇ ਪਾਕਿਸਤਾਨ ਗਏ ਤਾਂ ਉਨ੍ਹਾਂ ਨੂੰ ਸ਼ਾਇਦ ਅਤਿਵਾਦੀ ਗਰਦਾਨ ਦਿੱਤਾ ਜਾਵੇਗਾ।

## ਜਥੇਦਾਰ ਅਕਾਲ ਤਖਤ ਵਲੋਂ ਸਿਰਸਾ, ਹਿਤ, ਜੀ ਕੇ, ਸਰਨਾ ਅਕਾਲ ਤਖਤ ਉੱਤੇ ਤਲਬ

* ਮਾਮਲਾ ਕਰੋੜਾਂ ਦੀ ਜਾਇਦਾਦ ਖੁਰਦ ਬੁਰਦ ਕਰਨ ਦਾ



ਅੰਮ੍ਰਿਤਸਰ, 27 ਫਰਵਰੀ (ਪੋਸਟ ਬਿਊਰੋ)- ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਪੰਥ ਦੀ ਜਾਇਦਾਦ ਖੁਰਦ ਬੁਰਦ ਕਰਨ ਦੇ ਮੁੱਦੇ ਉੱਤੇ ਦਿੱਲੀ ਦੇ ਸਿੱਖ ਆਗੂ ਪੰਜ ਮਾਰਚ ਨੂੰ ਤਲਬ ਕੀਤੇ ਹਨ। ਸਕੂਲ ਦੀ ਜਾਇਦਾਦ ਦਾ ਇਹ ਮਾਮਲਾ 1982-83 ਦਾ ਹੈ। ਭਾਈ ਰਣਜੀਤ ਸਿੰਘ ਸਾਬਕਾ ਜਥੇਦਾਰ ਨੇ ਆਪਣੇ ਸਮੇਂ ਸਕੂਲ ਘਪਲੇ ਦੇ ਜ਼ਿੰਮੇਵਾਰਾਂ ਵਿਰੁੱਧ ਕਾਰਵਾਈ ਕੀਤੀ ਸੀ। ਫਿਰ ਪ੍ਰਕਾਸ਼ ਸਿੰਘ ਬਾਦਲ ਨੇ ਮਸਲਾ ਰਫਾ ਦਫਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਦਿੱਲੀ ਦੀ ਸਿੱਖ ਲੀਡਰਸ਼ਿਪ ਵਿੱਚ ਫੁੱਟ ਪੈਣ 'ਤੇ ਮਾਮਲਾ ਫਿਰ ਭਖ ਗਿਆ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਚੱਲਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਐੱਮ ਐੱਸ ਬਲਾਕ ਹਰੀ ਨਗਰ (ਨਵੀਂ ਦਿੱਲੀ) ਵਿੱਚ ਬੇਨਿਯਮੀਆਂ ਬਾਰੇ ਗਿਆਨੀ ਹਰਪ੍ਰੀਤ ਸਿੰਘ ਨੇ ਆਮ ਸੰਗਤਾਂ ਅਤੇ ਰਮਿੰਦਰ ਸਿੰਘ ਸਵੀਟਾ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੁੱਜੀ ਸ਼ਿਕਾਇਤ ਦਾ ਨੋਟਿਸ ਲਿਆ ਹੈ। ਮਨਜਿੰਦਰ ਸਿੰਘ ਸਿਰਸਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਅਵਤਾਰ ਸਿੰਘ ਹਿਤ ਪ੍ਰਧਾਨ ਤਖਤ ਹਰਿਮੰਦਰ ਸਾਹਿਬ ਪ੍ਰਬੰਧਕੀ ਬੋਰਡ ਪਟਨਾ ਸਾਹਿਬ (ਬਿਹਾਰ) ਤੇ ਪਰਮਜੀਤ ਸਿੰਘ ਸਰਨਾ ਸਾਬਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਨੂੰ ਇਸ ਸਕੂਲ ਨਾਲ ਸੰਬੰਧਤ ਜੋ ਵੀ ਰਿਕਾਰਡ ਹੈ, ਉਹ ਪੰਜ ਮਾਰਚ ਨੂੰ ਸਵੇਰੇ 10 ਵਜੇ ਦਫਤਰ ਸਕੱਤਰੇਤ ਸ੍ਰੀ ਅਕਾਲ ਤਖਤ ਵਿਖੇ ਖੁਦ ਲੈ ਕੇ ਆਉਣ ਨੂੰ ਕਿਹਾ ਗਿਆ ਹੈ ਤਾਂ ਜੋ ਇਸ ਕੇਸ ਦੀ ਅਸਲੀਅਤ ਦਾ ਪਤਾ ਲਾਇਆ ਅਤੇ ਪੰਥ ਦੀ ਜਾਇਦਾਦ ਨੂੰ ਖੁਰਦ ਬੁਰਦ ਹੋਣ ਤੋਂ ਬਚਾਇਆ ਜਾ ਸਕੇ। ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਰਮਿੰਦਰ ਸਿੰਘ ਸਵੀਟਾ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸੀਨੀਅਰ ਨੇਤਾ ਅਵਤਾਰ ਸਿੰਘ ਹਿਤ ਵੱਲੋਂ ਜਾਅਲੀ ਦਸਤਾਵੇਜ਼ਾਂ ਨਾਲ ਕਮੇਟੀ ਦੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਹਰੀ ਨਗਰ ਦੀ ਜਾਇਦਾਦ ਹੜੱਪ ਕਰਨ ਲਈ ਸਾਜ਼ਿਸ਼ ਰਚੀ ਗਈ ਅਤੇ ਇਨ੍ਹਾਂ ਨੇ ਗੁਰੂ ਦੀ ਗੋਲਕ ਨੂੰ ਪ੍ਰਾਈਵੇਟ ਚੈਨਲ ਨੂੰ ਲੁਟਾਇਆ ਹੈ, ਜਿਸ ਨੂੰ ਵੇਖ ਕੇ ਇਨ੍ਹਾਂ ਅਤੇ ਇਨ੍ਹਾਂ ਦੇ ਸਾਥੀਆਂ ਨੂੰ ਸਿੱਖ ਪੰਥ ਵਿੱਚੋਂ ਛੇਕਿਆ ਜਾਵੇ।

## ਘੋੜੀ ਚੜ੍ਹਨ ਤੋਂ ਪਹਿਲਾਂ ਲਾੜਾ ਫਰਾਰ, ਹੋਰ ਮੁੰਡਾ ਲੱਭ ਕੇ ਕੁੜੀ ਵਿਆਹੀ ਗਈ

ਕੁਰੂਕਸ਼ੇਤਰ, 27 ਫਰਵਰੀ (ਪੋਸਟ ਬਿਊਰੋ)- ਏਥੇ ਇੱਕ ਹੈਰਾਨੀ ਵਾਲਾ ਕੇਸ ਵਾਪਰਿਆ, ਜਦੋਂ ਵਿਆਹ ਦੀਆਂ ਰਸਮਾਂ ਵਿਚ ਰੁੱਝੇ ਹੋਏ ਦੋਵੇਂ ਪਰਵਾਰਾਂ ਨੂੰ ਅਚਾਨਕ ਲਾੜੇ ਦੇ ਫ਼ਰਾਰ ਹੋਣ ਦੀ ਸੂਚਨਾ ਮਿਲੀ।

ਹਰਿਆਣਾ ਦੇ ਸ਼ਹਿਰ ਕੁਰੂਕਸ਼ੇਤਰ ਵਿਖੇ ਵਿਆਹ ਦੀਆਂ ਰਸਮਾਂ ਦੌਰਾਨ ਵਿਆਹ ਵਾਲਾ ਮੁੰਡਾ ਘੋੜੀ ਚੜ੍ਹਨ ਤੋਂ ਦੋ ਘੰਟੇ ਪਹਿਲਾਂ ਫ਼ਰਾਰ ਹੋ ਗਿਆ। ਇਸ ਬਾਰੇ ਸਦਮੇ ਵਿਚ ਪਹੁੰਚੇ ਦੋਵੇਂ ਪਰਵਾਰਾਂ ਲਈ ਵਿਚੋਲੇ ਨੇ ਮੁੜ ਕੇ ਆਸ ਦੀ ਕਿਰਨ ਜਗਾਈ। ਉਸ ਨੇ ਦੋ ਘੰਟੇ ਵਿਚ ਹੋਰ ਲੜਕਾ ਲੱਭ ਕੇ ਵਿਆਹ ਦੀਆਂ ਰਸਮਾਂ ਕਰਾ ਦਿਤੀਆਂ। ਸੂਤਰਾਂ ਅਨੁਸਾਰ ਹਰਿਆਣਾ ਦੇ ਨੌਜਵਾਨ ਦਾ ਵਿਆਹ ਉੱਤਰ ਪ੍ਰਦੇਸ਼ ਵਿੱਚ ਹੋਣਾ ਸੀ। ਮੰਗਣੀ ਤੋਂ ਅਗਲੇ ਦਿਨ 25 ਫ਼ਰਵਰੀ ਜਦੋਂ ਸਵੇਰ ਵੇਲੇ ਪੂਰਾ ਪਰਵਾਰ ਵਿਆਹ ਦੀਆਂ ਤਿਆਰੀਆਂ ਵਿੱਚ ਰੁੱਝਾ ਸੀ ਤਾਂ ਲਾੜਾ ਸ਼ੇਵ ਕਰਾਉਣ ਦਾ ਬਹਾਨਾ ਬਣਾ ਕੇ ਘਰੋਂ ਗਿਆ ਤੇ ਫਿਰ ਵਾਪਸ ਨਹੀਂ ਆਇਆ। ਦੋ ਤਿੰਨ ਘੰਟਿਆਂ ਦੀ ਉਡੀਕ ਬਾਅਦ ਜਦੋਂ ਲਾੜਾ ਘਰ ਨਾ ਪਰਤਿਆ ਤਾਂ ਪਰਵਾਰ ਨੇ ਫ਼ੋਨ ਉੱਤੇ ਉਸ ਨਾਲ ਸੰਪਰਕ ਕਰਨਾ ਚਾਹਿਆ, ਪਰ ਫੋਨ ਬੰਦ ਸੀ। ਪਰਵਾਰ ਨੇ ਅਪਣੇ ਤੌਰ ਉੱਤੇ ਲਾੜੇ ਦੀ ਭਾਲ ਲਈ ਭੱਜ-ਨੱਠ ਕੀਤੀ। ਇਸੇ ਦੌਰਾਨ ਲਾੜੇ ਨੇ ਰੋਹਤਕ ਜਾ ਕੇ ਅਪਣੇ ਦੋਸਤ ਕੋਲ ਵਿਆਹ ਕਰਾਉਣ ਦੀ ਮਨਸ਼ਾ ਜ਼ਾਹਰ ਕੀਤੀ। ਉਸ ਦੇ ਦੋਸਤ ਨੇ ਲਾੜੇ ਦੇ ਪਿਤਾ ਨੂੰ ਇਸ ਬਾਰੇ ਦੱਸਿਆ। ਇਸ ਨਾਲ ਪਰਵਾਰ ਪ੍ਰੇਸ਼ਾਨ ਹੋ ਗਿਆ। ਦੂਜੇ ਪਾਸੇ ਬਰਾਤ ਨਾ ਪਹੁੰਚਣ ਉੱਤੇ ਲੜਕੀ ਦੇ ਪਰਵਾਰ ਨੇ ਲੜਕੇ ਦੇ ਪਰਵਾਰ ਨਾਲ ਸੰਪਰਕ ਕੀਤਾ ਤਾਂ ਪਰਵਾਰ ਨੇ ਲੜਕੇ ਦੇ ਭੱਜ ਜਾਣ ਕਾਰਨ ਬਰਾਤ ਲਿਆਉਣ ਤੋਂ ਅਸਮਰਥਾ ਪ੍ਰਗਟ ਕੀਤੀ। ਦੋਵੇਂ ਪਰਵਾਰ ਭਾਰੀ ਸਦਮੇ ਹੇਠ ਸਨ। ਇਸ ਦੌਰਾਨ ਮੌਕਾ ਸੰਭਾਲ ਕੇ ਵਿਚੋਲੇ ਨੇ ਇਕ ਹੋਰ ਲੜਕਾ ਲੱਭ ਲਿਆ, ਜਿਸ ਨਾਲ ਦੋਵਾਂ ਪਰਵਾਰਾਂ ਦੀ ਸਹਿਮਤੀ ਨਾਲ ਲੜਕੀ ਦਾ ਵਿਆਹ ਕਰ ਦਿਤਾ ਗਿਆ।

## ਵਿਧਵਾ ਅਤੇ ਤਲਾਕ ਸ਼ੁਦਾ ਔਰਤਾਂ ਵੀ ਸਰੋਗੇਸੀ ਨਾਲ ਮਾਵਾਂ ਬਣ ਸਕਣਗੀਆਂ, ਕੇਂਦਰ ਵੱਲੋਂ ਪ੍ਰਵਾਨਗੀ

ਨਵੀਂ ਦਿੱਲੀ, 27 ਫਰਵਰੀ (ਪੋਸਟ ਬਿਊਰੋ)- ਜੰਮੂ ਕਸ਼ਮੀਰ ਵਿੱਚ 37 ਕੇਂਦਰੀ ਕਾਨੂੰਨ ਲਾਗੂ ਹੋਣਗੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੱਲ੍ਹ ਕੇਂਦਰੀ ਕੈਬਨਿਟ ਦੀ ਬੈਠਕ ਵਿੱਚ ਸਰਕਾਰ ਨੇ ਦੋ ਕੇਂਦਰ ਸ਼ਾਸਿਤ ਖੇਤਰਾਂ 'ਚ ਲਾਗੂ ਕੀਤੇ ਜਾਣ ਵਾਲੇ 37 ਕੇਂਦਰੀ ਕਾਨੂੰਨਾਂ ਵਿੱਚ ਸੋਧ ਲਈ ਹੁਕਮ ਜਾਰੀ ਕਰਨ, ਰਾਸ਼ਟਰੀ ਤਕਨੀਕੀ ਕੱਪੜਾ ਮਿਸ਼ਨ ਤੇ ਰਾਜ ਸਭਾ ਦੀ ਤਾਲਮੇਲ ਕਮੇਟੀ ਦੀਆਂ ਸਿਫਾਰਸ਼ਾਂ ਨਾਲ ਸਰੋਗੇਸੀ ਰੈਗੂਲੇਟਰੀ ਬਿੱਲ ਨੂੰ ਪ੍ਰਵਾਨਗੀ ਦਿੱਤੀ ਹੈ। ਸੂਚਨਾ ਅਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਦੱਸਿਆ ਕਿ ਇਨ੍ਹਾਂ ਕਾਨੂੰਨਾਂ ਵਿੱਚ ਸੋਧ ਦੇ ਹੁਕਮ ਨਾਲ ਪੂਰੇ ਦੇਸ਼ ਵਿੱਚ ਬਰਾਬਰ ਦੇ ਕਾਨੂੰਨ ਹੋਣਗੇ। ਨਵੀਂ ਸਥਿਤੀ ਵਿੱਚ 37 ਕੇਂਦਰੀ ਕਾਨੂੰਨ ਜੰਮੂ-ਕਸ਼ਮੀਰ ਵਿੱਚ ਵੀ ਲਾਗੂ ਹੋਣਗੇ। ਸਰੋਗੇਸੀ ਬਿੱਲ ਵਿੱਚ ਪਾਰਲੀਮੈਂਟ ਦੀ ਇੱਕ ਕਮੇਟੀ ਨੇ ਸਿਫਾਰਸ਼ ਕੀਤੀ ਸੀ ਕਿ ਸਿਰਫ ਨੇੜਲੇ ਰਿਸ਼ਤੇਦਾਰ ਦੀ ਸ਼ਰਤ ਨਹੀਂ, ਸਗੋਂ ਔਰਤ ਜਿਸ ਨੂੰ ਕਿਰਾਏ ਦੀ ਕੁੱਖ ਦੇਣੀ ਚਾਹੇਗੀ, ਨੂੰ ਸ਼ਾਮਲ ਕੀਤਾ ਜਾਵੇ। ਰਾਜ ਸਭਾ ਦੀ 23 ਮੈਂਬਰੀ ਤਾਲਮੇਲ ਕਮੇਟੀ ਨੇ ਸਰੋਗੇਸੀ ਰੈਗੂਲੇਟਰੀ ਬਿੱਲ 2019 ਵਿੱਚ 15 ਅਹਿਮ ਤਬਦੀਲੀਆਂ ਕੀਤੀਆਂ। ਇਸ ਪਿੱਛੋਂ ਤਲਾਕ ਲੈ ਚੁੱਕੀਆਂ ਇਕੱਲੀਆਂ ਰਹਿੰਦੀਆਂ ਔਰਤਾਂ ਵੀ ਸਰੋਗੇਸੀ ਨਾਲ ਮਾਂ ਬਣ ਸਕਣਗੀਆਂ।

ਕੱਪੜਾ ਮੰਤਰੀ ਸਮ੍ਰਿਤੀ ਈਰਾਨੀ ਨੇ ਕਿਹਾ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਇੱਕ ਫਰਵਰੀ ਨੂੰ ਪੇਸ਼ ਬਜਟ ਵਿੱਚ ਰਾਸ਼ਟਰੀ ਤਕਨੀਕੀ ਕੱਪੜਾ ਮਿਸ਼ਨ ਬਣਾਉਣ ਦੀ ਤਜਵੀਜ਼ ਪ੍ਰਸਤਾਵ ਪੇਸ਼ ਹੋਈ ਸੀ, ਜਿਸ ਨੂੰ 2020-21 ਤੋਂ 2023-24 ਦੌਰਾਨ ਲਾਗੂ ਕੀਤਾ ਜਾਏਗਾ। ਰਾਸ਼ਟਰੀ ਤਕਨੀਕੀ ਕੱਪੜਾ ਮਿਸ਼ਨ ਉੱਤੇ 1480 ਕਰੋੜ ਰੁਪਏ ਖਰਚ ਆਉਣਗੇ। ਇਸ ਦਾ ਮਕਸਦ ਖੇਤੀਬਾੜੀ, ਮੈਡੀਕਲ, ਖੇਡਾਂ ਤੇ ਫੌਜ ਵਰਗੇ ਪ੍ਰਮੁੱਖ ਖੇਤਰਾਂ 'ਚ ਵਰਤੋਂ ਵਿੱਚ ਆਉਣ ਵਾਲੇ ਤਕਨੀਕੀ ਕੱਪੜੇ ਤਿਆਰ ਕਰਨ ਬਾਰੇ ਭਾਰਤ ਨੂੰ ਮੋਹਰੀ ਬਣਾਉਣੇ ਹੈ। ਤਕਨੀਕੀ ਕੱਪੜੇ ਦੀ ਵਰਤੋਂ ਨਾਲ ਖੇਤੀਬਾੜੀ, ਬਾਗਬਾਨੀ ਤੇ ਹੋਰਨਾਂ ਖੇਤਰਾਂ ਵਿੱਚ ਉਤਪਾਦਨ ਵਧਾਉਣ 'ਚ ਮਦਦ ਮਿਲੀ ਹੈ, ਨਾਲ ਫੌਜ, ਨੀਮ-ਸੁਰੱਖਿਆ ਫੋਰਸਾਂ ਅਤੇ ਪੁਲਸ ਨੂੰ ਵਧੀਆ ਸੁਰੱਖਿਆ ਪ੍ਰਦਾਨ ਕਰਨ ਵਿੱਚ ਮਦਦ ਮਿਲਦੀ ਹੈ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਨਾਈ ਸਿੱਖ ਲੜਕਾ, ਕਲੀਨ ਸ਼ੇਵਡ, ਉੱਮਰ 34 ਸਾਲ, ਕੱਦ 6 ਫੁੱਟ, ਕੈਨੇਡੀਅਨ ਸਿਟੀਜਨ, ਸ਼ਾਕਾ ਹਾਰੀ, ਨਸ਼ਾ ਰਹਿਤ, ਵੈਲ ਸੈਟਲਡ, ਆਪਣਾ ਕਾਰੋਬਾਰ, ਤਲਾਕਸ਼ੁਦਾ ਲਈ ਖਾਨਦਾਨੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ, ਵਰਕ ਪਰਮਟ,ਵੀਜ਼ੇਟਰ ਵੀਜ਼ੇ ਤੇ ਆਏ ਜਾਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-524-8713

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਜਾਂ ਵਿਜੇਟਰ ਵੀਜ਼ੇ ਆਏ ਵੀ ਸੰਪਰਕ ਕਰ ਸਕਦੇ ਹਨ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋਂ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710




ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



## ਸਾਬਕਾ ਟਰਾਂਸਪੋਰਟ ਕਮਿਸ਼ਨਰ ਦੇ ਪੁੱਤਰ ਨੇ ਮਾਂ ਦੇ ਕਤਲ ਪਿੱਛੋਂ ਖੁਦਕੁਸ਼ੀ ਕਰ ਲਈ

ਦੇਹਰਾਦੂਨ, 27 ਫਰਵਰੀ (ਪੋਸਟ ਬਿਊਰੋ)- ਸਹਸਪੁਰ ਥਾਣਾ ਖੇਤਰ ਦੇ ਭਾਈਵਾਲਾ (ਬੇਲੋਵਾਲਾ) ਵਿੱਚ ਕੱਲ੍ਹ ਸਵੇਰੇ ਇੱਕ ਬੇਟੇ ਨੇ ਮਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਉਸਦੇ ਬਾਅਦ ਖੁਦ ਨੂੰ ਵੀ ਗੋਲੀ ਮਾਰ ਕੇ ਆਤਮਹੱਤਿਆ ਕਰ ਲਈ। ਨੌਜਵਾਨ ਦੇ ਪਿਤਾ ਚੰਡੀਗੜ੍ਹ ਵਿੱਚ ਟਰਾਂਸਪੋਰਟ ਕਮਿਸ਼ਨਰ ਦੇ ਪਦ 'ਤੇ ਤੈਨਾਤ ਸੀ ਜਿਨ੍ਹਾਂ ਦੀ 2009 ਵਿੱਚ ਮੌਤ ਹੋ ਚੁੱਕੀ ਹੈ। ਮੌਕੇ 'ਤੇ ਮਿਲੇ ਸੁਸਾਈਡ ਨੋਟ ਵਿੱਚ ਨੌਜਵਾਨ ਨੇ ਲਿਖਿਆ ਕਿ ਉਸਦਾ ਅਤੇ ਮਾਂ ਦਾ ਅੰਤਿਮ ਸੰਸਕਾਰ ਸਨਾਤਨ ਧਰਮ ਦੇ ਅਨੁਸਾਰ ਕੀਤਾ ਜਾਵੇ।

# ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਕਿਸੇ ਪਰਿਵਾਰ ਦੀਆਂ ਸੰਸਥਾਵਾਂ ਨਹੀਂ : ਸੁਖਬੀਰ



ਤਰਨ ਤਾਰਨ, 27 ਫਰਵਰੀ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਇੱਕ ਸੌ ਸਾਲ ਪਹਿਲਾਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਕਿਸੇ ਪਰਿਵਾਰ ਦੀਆਂ ਸੰਸਥਾਵਾਂ ਨਹੀਂ, ਕੁਰਬਾਨੀਆਂ ਨਾਲ ਬਣੀਆਂ ਦੋਵੇਂ ਸੰਸਥਾਵਾਂ ਕੌਮ ਦੀ ਅਮਾਨਤ ਹਨ, ਜਿਨ੍ਹਾਂ ਨੂੰ ਖੋਹਣ ਲਈ ਕੁਝ ਲੋਕ ਸਿੱਖਾਂ ਨੂੰ ਗੁੰਮਰਾਹ ਕਰਨ ਦਾ ਯਤਨ ਕਰ ਰਹੇ ਹਨ।

ਤਰਨ ਤਾਰਨ ਦਾਣਾ ਮੰਡੀ ਵਿੱਚ ਅੱਜ ਵੀਰਵਾਰ ਕੀਤੀ ਰੈਲੀ ਵਿੱਚ ਬੋਲਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਸ ਸਾਲ ਦੇ ਰਾਜ ਵੇਲੇ ਸਾਡੀ ਸਰਕਾਰ ਨੇ ਇਤਿਹਾਸਕ ਨਗਰਾਂ ਦੀ ਦਿੱਖ ਬਦਲਣ ਲਈ ਕਰੋੜਾਂ ਰੁਪਏ ਖਰਚ ਕੀਤੇ, ਵਿਰਾਸਤ-ਏ-ਖ਼ਾਲਸਾ, ਬਾਬਾ ਬੰਦਾ ਸਿੰਘ ਬਹਾਦਰ ਅਤੇ ਘੱਲੂਘਾਰਾ ਯਾਦਗਾਰਾਂ ਨੂੰ ਉਸਾਰਨ ਦੇ ਇਤਿਹਾਸਕ ਫ਼ੈਸਲੇ ਲਏ ਸਨ। ਕਾਂਗਰਸ ਨੂੰ ਸਾਫ ਸੀ ਕਿ ਤੀਸਰੀ ਵਾਰ ਮੁੜ ਅਕਾਲੀ ਦਲ ਦੀ ਸਰਕਾਰ ਬਣਨ ਵਾਲੀ ਹੈ, ਇਸ ਲਈ ਬੇਅਦਬੀ ਦਾ ਝੂਠਾ ਦੋਸ਼ ਸਾਡੇ ਉੱਤੇ ਲਾ ਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਵਰਤਣ ਦਾ ਦਾਅ ਵਰਤਿਆ ਗਿਆ, ਪਰ ਲੋਕ ਜਾਣ ਚੁੱਕੇ ਹਨ ਕਿ ਅਕਾਲੀ ਦਲ ਦਾ ਕੋਈ ਆਗੂ ਜਾਂ ਵਰਕਰ ਇਹ ਕੰਮ ਨਹੀਂ ਕਰ ਸਕਦਾ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਨੇ ਤਖ਼ਤ ਦਮਦਮਾ ਸਾਹਿਬ ਵੱਲ ਹੱਥ ਕਰ ਕੇ ਗੁਟਕਾ ਸਾਹਿਬ ਹੱਥ ਵਿਚ ਫੜ ਕੇ ਸਹੁੰ ਖਾਧੀ ਤੇ ਲੋਕਾਂ ਨੇ ਇਸ ਉੱਤੇ ਭਰੋਸਾ ਕਰ ਕੇ ਸਰਕਾਰ ਵੀ ਕਾਂਗਰਸ ਦੀ ਬਣਾਈ, ਪਰ ਸਹੁੰ ਖਾ ਕੇ ਕੀਤੇ ਵਾਅਦੇ ਨੂੰ ਪੂਰਾ ਨਾ ਕਰਨਾ ਕੀ ਬੇਅਦਬੀ ਨਹੀਂ?

ਉਨ੍ਹਾਂ ਨੇ ਅਕਾਲੀ ਦਲ ਟਕਸਾਲੀ ਬਣਾਉਣ ਵਾਲੇ ਰਣਜੀਤ ਸਿੰਘ ਬ੍ਰਹਮਪੁਰਾ ਬਾਰੇ ਕਿਹਾ ਕਿ ਪਾਰਟੀ ਵਿੱਚ ਰਹਿ ਕੇ ਸਰਕਾਰੀ ਰੁਤਬੇ ਲੈਣ ਵਾਲੇ ਬ੍ਰਹਮਪੁਰਾ ਅੱਜ ਉਸੇ ਪਾਰਟੀ ਖ਼ਿਲਾਫ਼ ਬੋਲ ਰਹੇ ਹਨ, ਪਰ ਇਸ ਦਾ ਲੋਕਾਂ ਉੱਤੇ ਅਸਰ ਪੈਣ ਵਾਲਾ ਨਹੀਂ। ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਝੂਠ ਦਾ ਪੁਲੰਦਾ ਕਿਹਾ। ਰੈਲੀ ਵਿੱਚ ਬ੍ਰਹਮਪੁਰਾ ਦੇ ਭਾਣਜੇ ਅਲਵਿੰਦਰਪਾਲ ਸਿੰਘ ਪੱਖੋਕੇ, ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ, ਨਗਰ ਕੌਂਸਲ ਤਰਨ ਤਾਰਨ ਦੇ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਖੇੜਾ ਅਤੇ ਹੋਰ ਕਈ ਅਕਾਲੀ ਆਗੂ ਮੌਜੂਦ ਸਨ।

ਇਸ ਮੌਕੇ ਸਾਬਕਾ ਮੰਤਰੀ ਗੁਲਜਾਰ ਸਿੰਘ ਰਣੀਕੇ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਆਮ ਲੋਕਾਂ, ਕਿਸਾਨਾਂ ਤੇ ਨੌਜਵਾਨਾਂ ਦੇ ਨਾਲ ਦਲਿਤ ਨਾਲ ਵੀ ਧੋਖਾ ਕੀਤਾ ਹੈ। ਬਾਦਲ ਸਰਕਾਰ ਸਮੇਂ ਦਲਿਤ ਵਰਗ ਨੂੰ ਮਿਲਦੀਆਂ ਸਹੂਲਤਾਂ ਬੰਦ ਕਰ ਦਿੱਤੀਆਂ ਹਨ। ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਕਿਹਾ ਕਿ ਪੰਜਾਬ ਦੀ 2.70 ਕਰੋੜ ਆਬਾਦੀ ਵਿੱਚੋਂ ਅਸੀਂ ਡੇਢ ਕਰੋੜਾਂ ਲੋਕਾਂ ਨੂੰ ਸਸਤਾ ਅਨਾਜ ਦੇਂਦੇ ਸਨ। ਕਾਂਗਰਸ ਰਾਜ ਨੇ ਇਸ ਦਾ ਘੇਰਾ ਛੋਟਾ ਕਰ ਦਿੱਤਾ ਹੈ।

## ਕਾਫ਼ਲੇ ਦੀ ਮਟਿੰਗ 'ਚ "ਠੰਢੀ ਰਾਖ਼" ਕਹਾਣੀ ਸੰਗ੍ਰਿਹ ਰਲੀਜ਼

ਬਰੈਂਪਟਨ:- (ਪਰਮਜੀਤ ਦਿਓਲ) 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਦੀ ਫ਼ਰਵਰੀ ਮਹੀਨੇ ਦੀ ਮੀਟਿੰਗ 29 ਫ਼ਰਵਰੀ ਨੂੰ ਦੁਪਹਿਰ 1.30 ਵਜੇ ਤੋਂ 4.30 ਵਜੇ ਤੱਕ ਸਪਰਿੰਗਡੇਲ ਲਾਇਬਰੇਰੀ (10705 ਬਰੈਮਲੀ ਰੋਡ, ਬਰੈਂਪਟਨ) ਵਿੱਚ ਹੋਵੇਗੀ। ਇਸ ਮੀਟਿੰਗ ਵਿੱਚ ਮੁੱਖ ਰੂਪ ਵਿੱਚ ਰਾਜਿੰਦਰ ਸਿੰਘ ਢੱਡਾ ਦਾ ਨਵਾਂ ਕਹਾਣੀ ਸੰਗ੍ਰਿਹ 'ਠੰਢੀ ਰਾਖ਼' ਰਲੀਜ਼ ਕੀਤਾ ਜਾਵੇਗਾ ਜਿਸ ਦੀ ਜਾਣ-ਪਛਾਣ ਕੁਲਜੀਤ ਮਾਨ ਵੱਲੋਂ ਕਰਵਾਈ ਜਾਵੇਗੀ ਅਤੇ ਜਰਨੈਲ ਸਿੰਘ ਕਹਾਣੀਕਾਰ, ਡਾ. ਨਾਹਰ ਸਿੰਘ, ਪਿਆਰਾ ਸਿੰਘ ਕੁੱਦੋਵਾਲ਼ ਅਤੇ ਕੁਲਵਿੰਦਰ ਖਹਿਰਾ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਜਾਣਗੇ। ਇਸਤੋਂ ਇਲਾਵਾ ਹਾਜ਼ਰ ਸ਼ਾਇਰਾਂ ਦਾ ਕਲਾਮ ਸੁਣਿਆ ਜਾਵੇਗਾ। ਆਪ ਸਭ ਨੂੰ ਸਮੇਂ ਸਿਰ ਪਹੁੰਚ ਕੇ ਮੀਟਿੰਗ ਵਿੱਚ ਸ਼ਮੂਲੀਅਤ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। 1992 ਤੋਂ ਟਰਾਂਟੋ ਦੇ ਸਾਹਿਤਕ ਖੇਤਰ ਵਿੱਚ ਸਰਗਰਮ 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਵਿੱਚ ਜਿੱਥੇ ਸਾਹਿਤਕ ਵਿਚਾਰ-ਚਰਚਾ ਹੁੰਦੀ ਹੈ ਓਥੇ ਸਾਹਿਤ ਦੇ ਮਨੁੱਖੀ ਜੀਵਨ ਦੀ ਬਿਹਤਰੀ ਪ੍ਰਤੀ ਫ਼ਰਜ਼ਾਂ ਨੂੰ ਵੀ ਵਿਚਾਰਿਆ ਜਾਂਦਾ ਹੈ ਅਤੇ ਹਾਜ਼ਰ ਕਵੀਆਂ ਦਾ ਕਲਾਮ ਵੀ ਸੁਣਿਆ ਜਾਂਦਾ ਹੈ। ਇਸ ਮੀਟਿੰਗ ਵਿੱਚ ਸਭ ਨੂੰ ਖੁੱਲ੍ਹਾ ਸੱਦਾ ਹੁੰਦਾ ਹੈ। ਹੋਰ ਜਾਣਕਾਰੀ ਲਈ ਤੁਸੀਂ (647-407-19955) ਜਾਂ (647-295-7351) 'ਤੇ ਫੋਨ ਕਰ ਸਕਦੇ ਹੋ।




jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

ਸਾਖੀ

# ਸ੍ਰੀ ਗੁਰੂ ਰਾਮ ਦਾਸ ਜੀ ਅਤੇ ਤੀਰਥਾ ਨਾਮੀਂ ਸਿੱਖ



ਕਰਨੈਲ ਸਿੰਘ ਟੋਰਾਂਟੋ
416-746-7642

ਇਕ ਦਿਨ ਤੀਰਥਾ ਨਾਮੀ ਸਿੱਖ ਨੇ ਸਤਿਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਸੱਚੇ ਸਤਿਗੁਰੂ ਜੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਲਿਖਦੇ ਹਨ,

ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥

ਜਪੁਜੀ ਸਾਹਿਬ ਪਉੜੀ ੩੪ ਪੰਨਾ ੭

ਸਾਨੂੰ ਅਲਪੱਗ ਜੀਵਾਂ ਨੂੰ ਸਮਝ ਨਹੀਂ ਆਉਂਦੀ, ਆਪ ਕ੍ਰਿਪਾ ਕਰਕੇ ਸਾਨੂੰ ਵਿਸਥਾਰ ਪੂਰਬਕ ਦ੍ਰਿਸ਼ਟਾਂਤ ਦੇ ਕੇ ਸਮਝੌਣਾ ਕਰੋ ਜੀ। ਸਤਿਗੁਰੂ ਜੀ ਬਚਨ ਕੀਤਾ ਕਿ ਇਕ ਸਾਧੂ ਰਾਜੇ ਦੇ ਘਰਿ ਰਾਜ ਮਹਲਾਂ ਵਿਚ ਰਹਿੰਦਾ ਸੀ, ਰਾਜਾ ਅੰਨ ਬਸਤਰ ਆਦਿਕ ਦੀ ਸੇਵਾ ਕਰਦਾ ਸੀ। ਸਮਾਂ ਪਾਕੇ ਰਾਜੇ ਦੇ ਪੁੱਤਰ ਦੀ ਸ਼ਾਦੀ ਹੋਈ ਤਰਾਜ ਕੁਮਾਰ ਅਤੇ ਸੱਜ ਵਿਆਹੀ ਲੜਕੀ ਪਹਿਲੀ ਰਾਤ ਸਾਧੂ ਦੇ ਨਾਲ ਵਾਲੇ ਕਮਰੇ ਵਿਚ ਸੁੱਤੇ ਰਾਜ ਕੁਮਾਰ ਸੌਂ ਜਾਂਦਾ ਹੈ। ਲੜਕੀ ਨੂੰ ਨਵੀਂ ਜਗਾ 'ਤੇ ਜਾਣ ਕਰਕੇ ਨੀਂਦ ਨਾ ਆਈ, ਰਾਜ ਕੁਮਾਰ ਦੇ ਸਰਹਾਣੇ ਤੇਜ਼ਧਾਰ ਕਟਾਰ ਰੱਖੀ ਸੀ, ਲੜਕੀ ਕਟਾਰ ਚੁੱਕ ਕੇ ਦੇਖਣ ਲੱਗੀ ਕੁਦਰਤ ਦੀ ਨੇਤ ਕਟਾਰ ਹੱਥ ਵਿਚੋਂ ਛੁਟਕ ਗਈ। ਰਾਜੇ ਦੇ ਲੜਕੇ ਭਾਵ ਲੜਕੀ ਦੇ ਪਤੀ ਦੇ ਕਾਲਜੇ ਵਿਚ ਧੱਸ ਗਈ, ਲੜਕਾ ਉਸ ਸਮੇਂ ਹੀ ਮਰ ਗਿਆ ਲੜਕੀ ਨੇ ਸੋਚਿਆ ਕਿ ਰਾਜਾ ਮੇਰਾ ਸ਼ੌਹਰਾ ਮੈਨੂੰ ਸਜਾਏ ਮੌਤ ਦਾ ਦੰਡ ਦੇਵੇਗਾ, ਲੜਕੀ ਨੇ ਆਪਣੀ ਜਾਨ ਬਚਾਉਣ ਲਈ ਰੌਲਾ ਪਾ ਦਿੱਤਾ। ਕਿ ਮੇਰਾ ਪਤੀ ਦੇਵ ਇਸ ਸਾਧੂ ਨੇ ਮਾਰ ਦਿੱਤਾ ਹੈ। ਰਾਜੇ ਨੇ ਸਾਧੂ ਨੂੰ ਮੌਤ ਦੀ ਸਜ਼ਾ ਦੀ ਵਜਾਏ ਇਕ ਹੱਥ ਕਟਣ ਦੀ ਸਜ਼ਾ ਦਿੱਤੀ ਅਤੇ ਛੱਡ ਦਿੱਤਾ। ਸਾਧੂ ਨੇ ਸੋਚਿਆ ਕਿ ਮੈਂ ਸੁਰਤ ਸੰਭਾਲਨ ਤੋਂ ਲੈਕੇ ਕੋਈ ਪਾਪ ਕਰਮ ਨਹੀਂ ਕੀਤਾ। ਮੈਨੂੰ ਕਿਸ ਪਾਪ ਕਰਮ ਦਾ ਦੰਡ ਮਿਲਿਆ ਹੈ, ਕਾਂਸ਼ੀ ਬਾਨਾਰਾਸ ਇਕ ਮਸ਼ਹੂਰ ਵਿਦਵਾਨ ਪੰਡਿਤ ਪਾਸ ਪੁਜ ਜਾਂਦਾ ਹੈ, ਆਵਾਜ਼ ਮਾਰੀ ਪੰਡਿਤ ਘਰਿ ਨਹੀਂ ਸੀ, ਅੰਦਰੋਂ ਪੰਡਤਾਣੀ ਨਿਕਲੀ। ਸਾਧੂ ਨੇ ਪੁੱਛਿਆ ਪੰਡਿਤ ਜੀ ਨੂੰ ਮਿਲਨਾ ਹੈ, ਪੰਡਤਾਣੀ ਬੜੀ ਕਲਹਿਰੀ ਸੀ, ਅਤੇ ਕ੍ਰੂਰ ਸ਼ਵਾਹ ਦੀ ਸੀ, ਉਸ ਨੇ ਚਾਰ ਗਾਲਾਂ ਪੰਡਿਤ ਨੂੰ ਕੱਢੀਆਂ ਚਾਰ ਸਾਧੂ ਨੂੰ, ਸਾਧੂ ਨੇ ਸੋਚਿਆ ਬੜੀ ਦੂਰ ਤੋਂ ਆਏ ਹਾਂ ਮਿਲਣਾ ਜ਼ਰੂਰ ਹੈ ਥੋੜ੍ਹਾ ਪਿੱਛੇ ਹਟ ਕੇ ਬੈਠ ਗਿਆ ਇਤਨੇ ਨੂੰ ਪੰਡਿਤ ਵੀ ਆ ਜਾਂਦਾ ਹੈ, ਸਾਧੂ ਨੇ ਨਮਸ਼ਕਾਰ ਕੀਤੀ ਅਤੇ ਬੇਨਤੀ ਕੀਤੀ ਪੰਡਿਤ ਜੀ ਆਹ ਜੋ ਮੇਰਾ ਹੱਥ ਕੱਟਿਆ ਗਿਆ ਹੈ ਰਾਜੇ ਵੱਲੋਂ, ਇਹ ਕਿਸ ਕਰਮ ਦਾ ਦੰਡ ਮਿਲਿਆ ਹੈ। ਆਪ ਜੋਤਿਸ਼ ਵਿਦਿਆ ਦੁਆਰਾ ਮੇਰੀ ਸ਼ੰਕਾ ਨਿਵ੍ਰਿਤ ਕਰੋ ਜੀ, ਪੰਡਿਤ ਨੇ ਪੱਤਰੀ ਦੇਖੀ ਟੇਵਾ ਲਾਕੇ ਦੇਖਿਆ ਅਤੇ ਕਿਹਾ ਤੂੰ ਪਿਛਲੇ ਜਨਮ ਵਿਚ ਬਾਨਪ੍ਰਸ਼ਤ ਸੀ, ਇਕ ਦਿਨ ਨਦੀ ਦੇ ਕਿਨਾਰੇ ਬੈਠਾ ਭਜਨ ਕਰਦਾ ਸੀ, ਇਕ ਦਿਨ ਇਕ ਗਊ ਕਸਾਈ ਪਾਸੋਂ ਛੁਟਕੇ ਤੇਰੇ ਆਸਣ ਦੇ ਪਾਸ ਦੀ ਭੱਜਕੇ ਲੰਘ ਗਈ ਅਤੇ ਇਤਨੇ ਨੂੰ ਕਸ਼ਾਈ ਆ ਜਾਂਦਾ ਹੈ, ਉਸ ਕਸਾਈ ਨੇ ਤੇਰੇ ਪਾਸੋਂ ਪੁੱਛਿਆ ਤੁਸੀਂ ਮੇਰੀ ਗਊ ਦੇਖੀ ਹੈ, ਤੈਂ ਸੱਜੇ ਹੱਥ ਦਾ ਇਸ਼ਾਰਾ ਕਰਕੇ ਦੱਸ ਦਿੱਤਾ, ਉਸ ਨੇ ਤੇਰੇ ਦੱਸਣ ਕਰਕੇ ਪਿਛਾ ਕਰਕੇ ਜੰਗਲ ਵਿਚੋ ਗਊ ਪਕੜ ਲਈ ਅਤੇ ਮਾਰ ਦਿੱਤੀ। ਉਹੀ ਕਸ਼ਾਈ ਕਿਸੇ ਪੁੰਨ ਫਲ ਕਾਰਨ ਰਾਜੇ ਦੇ ਘਰਿ ਜੰਮਿਆ ਅਤੇ ਉਹੀ ਗਊ ਦੀ ਜੀਵ ਆਤਮਾ ਜੋ ਤੇਰੀ ਮਦਦ ਨਾਲ ਕਸ਼ਾਈ ਨੇ ਮਾਰੀ ਸੀ। ਦੂਸਰੇ ਜਨਮ ਵਿਚ ਰਾਜੇ ਦੇ ਲੜਕੇ ਨੂੰ ਵਿਆਹੀ ਗਈ, ਉਸ ਨੇ ਗਊ ਰੂਪੀ ਜੀਵ ਆਤਮਾ ਨੇ ਕਸ਼ਾਈ ਪਾਸੋਂ ਆਪਣਾ ਬਦਲਾ ਚੁਕਾਇਆ ਹੈ, ਉਸ ਗਊ ਨੂੰ ਮਰਵਾਉਣ ਵਿਚ ਤੈਂ ਵੀ ਹਿੱਸਾ ਲਿਆ ਸੀ, ਜੰਗਲ ਵਿਚ ਲੁਕੀ ਗਊ ਤੈਂ ਸੱਜੇ ਹੱਥ ਦੇ ਇਸ਼ਾਰੇ ਨਾਲ ਦੱਸ ਦਿੱਤੀ। ਉਸ ਗਊ ਰੂਪੀ ਲੜਕੀ ਨੇ ਕਤਲ ਦਾ ਦੋਸ਼ ਤੇਰੇ ਜਿੰਮੇ ਲਾਕੇ ਤੇਰੇ ਪਾਸੋਂ ਆਪਣਾ ਬਦਲਾ ਲਿਆ ਹੈ। ਇਹ ਤੇਰੇ ਪੂਰਬਲੇ ਕਰਮ ਦਾ ਫਲ ਹੈ, ਇਸ ਜਨਮ ਦਾ ਨਹੀਂ। ਸਾਧੂ ਨੇ ਦੋਵੇਂ ਹੱਥ ਜੋੜਕੇ ਵਿਦਵਾਨ ਪੰਡਿਤ ਜੀ ਦਾ ਧੰਨਵਾਦ ਕੀਤਾ, ਕਿ ਪੰਡਿਤ ਜੀ ਮੇਰੀ ਤਸੱਲੀ ਹੋ ਗਈ ਹੈ! ਮੈਂ ਤੁਹਾਡੀ ਵਿਦਿਆ ਤੋਂ ਬਲਿਹਾਰ ਜਾਂਦਾ ਹਾਂ ਅਤੇ ਇਕ ਪ੍ਰਸ਼ਨ ਹੋਰ ਕਰਨਾ ਚਾਹੁੰਦਾ ਹਾਂ ਪੰਡਿਤ ਜੀ ਕਿਹਾ ਜ਼ਰੂਰ ਕਰੋ ਜੀ। ਤੁਸੀਂ ਇਤਨੇ ਪ੍ਰਬੀਨ ਹੋ ਵਿਦਿਆ ਵਿਚ ਤੁਹਾਡੇ ਘਰ ਵਾਲੀ ਪੰਡਤਾਣੀ ਤੁਹਾਨੂੰ ਅਤੇ ਤੁਹਾਡੇ ਪਾਸ ਆਉਣ ਵਾਲਿਆਂ ਨੂੰ ਗਾਲਾਂ ਕਿਉਂ ਕੱਢਦੀ ਹੈ, ਪੰਡਿਤ ਨੇ ਕਿਹਾ ਸੰਤ ਜੀ ਮਹਾਰਾਜ ਮੈਂ ਆਪਣੀ ਪਿਛਲੇ ਜਨਮ ਦੀ ਕਥਾ ਸੁਣਾਂਦਾ ਹਾਂ ਅਤੇ ਆਪ ਇਕਾਗਰ ਚਿੱਤ ਹੋ ਕੇ ਸੁਣਨਾ ਕਰੋ। ਮੈਂ ਪਿਛਲੇ ਜਨਮ ਵਿਚ ਕਾਂ ਹੁੰਦਾ ਸੀ ਅਤੇ ਇਹ ਪੰਡਤਾਣੀ ਗਧੀ ਦੀ ਜੂਨੀ ਵਿਚ ਸੀ, ਜਿਸ ਵੇਲੇ ਇਹ ਗਧੀ ਦੀ ਜੂਨ ਵਿਚ ਮੇਰੇ ਅਸਥਾਨ 'ਤੇ ਘਾਹ ਖਾਣ ਲਈ ਆਉਂਦੀ ਸੀ ਮੈਂ ਰੋਜ਼ ਇਸਦਾ ਮਾਸ ਨੋਚ ਨੋਚ ਕੇ ਖਾਂਦਾ ਸੀ, ਇਕ ਦਿਨ ਐਸਾ ਆਇਆ ਮੇਰੀ ਚੁੰਚ ਇਸ ਦੀ ਕੰਗਰੋੜ ਦੀ ਹੱਡੀ ਵਿਚ ਫਸ ਗਈ, ਮੈਂ ਬੜੀ ਕੋਸ਼ਿਸ਼ ਕੀਤੀ ਪਰ ਚੁੰਚ ਨਾ ਨਿਕਲੀ, ਇਹ ਖੋਤੀ ਅਤੀ ਦੁਖੀ ਹੋਕੇ ਸਾਧੂ ਆਸ਼ਰਮ 'ਤੇ ਚਲੀ ਗਈ ਭੱਜਕੇ, ਉਥੇ ਇਕ ਸਰੋਵਰ ਸੀ ਉਸ ਦੇ ਵਿਚ ਵੜ ਗਈ। ਅਤੇ ਅਸੀਂ ਦੋਵੇਂ ਹੀ ਉਸ ਸਰੋਵਰ ਵਿਚ ਮਰ ਗਏ ਅੰਤ ਸਮੇਂ ਸਾਧੂਆਂ ਦੇ ਦਰਸ਼ਨ ਕਰਨ ਕਰਕੇ ਅਤੇ ਸਾਧੂਆਂ ਦੇ ਇਸ਼ਨਾਨ ਕਰਨ ਵਾਲੇ ਪਵਿੱਤਰ ਤੀਰਥ ਵਿਚ ਮਰਨ ਕਰਕੇ ਮੈਨੂੰ ਬ੍ਰਾਹਮਣਾਂ ਦੇ ਘਰ ਜਨਮ ਮਿਲਿਆ ਅਤੇ ਉਚੀ ਵਿਦਿਆ ਪ੍ਰਾਪਤੀ ਹੋਈ, ਇਸ ਨੂੰ ਵੀ ਬ੍ਰਾਹਮਣਾਂ ਦੇ ਘਰ ਜਨਮ ਮਿਲਿਆ। ਸੰਤ ਜੀ ਮਹਾਰਾਜ ਇਹ ਉਹੀ ਖੋਤੀ ਦੀ ਜੀਵ ਆਤਮਾ ਮੇਰੇ ਘਰਵਾਲੀ ਬਣਕੇ ਬੈਠਕੇ ਚੰਗਾ ਖਾਂਦੀ ਹੈ ਚੰਗਾ ਪਹਿਨਦੀ ਹੈ ਅਤੇ ਗਾਲਾਂ ਕੱਢ ਕੇ ਆਪਣਾ ਬਦਲਾ ਚੁਕਾਉਂਦੀ ਹੈ। ਹਰ ਸਮੇਂ ਮੇਰੇ ਤੇ ਰੋਹਬ ਜਮਾਉਂਦੀ ਹੈ ਪਰ ਮੈਂ ਇਸ ਦੇ ਅੱਗੇ ਬੋਲਦਾ ਨਹੀਂ, ਮੈਨੂੰ ਪਤਾ ਹੈ ਕਿ ਮੈਂ ਇਸ ਦਾ ਦੇਣਦਾਰ ਹਾਂ। ਮੈਨੂੰ ਪੂਰਬਲਾ ਗਿਆਨ ਹੈ, ਉਚੀ ਵਿਦਿਆ ਕਰਕੇ। ਇਹ ਸਾਖੀ ਸਤਿਗੁਰੂ ਰਾਮਦਾਸ ਜੀ ਨੇ ਤੀਰਥਾ ਨਾਮੀ ਸਿੱਖ ਦੀ ਬੇਨਤੀ 'ਤੇ ਸੁਣਾਈ ਸੀ।

ਜਪੁਜੀ ਸਾਹਿਬ ਪੰਨਾ ੭

ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥

ਤਥਾ: ਜੇਹਾ ਬੀਜੈ ਸੋ ਲੁਣੈ ਮਥੇ ਜੋ ਲਿਖਿਆਸੁ॥

(ਪੰਨਾ ੧੩੪)

ਦੂਜਾ ਪੱਖ ਕਾਂ ਦੀ ਜੂਨ ਅਤੇ ਖੋਤੇ ਦੀ ਜੂਨੀ ਬੜੀ ਨਸਿਧ ਜੂਨੀ ਹੈ

ਸਲੋਕ ਸਹਸ ਕ੍ਰਿਤੀ ਮਹਲਾ ੫॥

ਗੁਰ ਮੰਤ੍ਰ, ਹੀਣਸ, ਜੋ ਪਾਣੀ ਧ੍ਰਿਗੰਤ ਜਨਮ ਭ੍ਰਸਟਣਹ॥

ਕੂਕਰਹ ਸੂਕਰਹ ਗਰਧਭਹ ਕਾਕਹ ਸਮਪਨਹ ਤੁਲਿ ਖਲਹ॥ ੧੩੫੬

ਅਰਥ: ਜੋ ਪ੍ਰਾਣੀ ਗੁਰਮੰਤਰ ਤੋਂ ਹੀਣਾ ਹੈ, ਉਸ ਦੇ ਜਨਮ ਨੂੰ ਧ੍ਰਿਗਾਹ ਹੈ, ਅਤੇ ਉਹ ਸ੍ਰੇਸ਼ਟਾਚਾਰ ਤੋਂ ਭ੍ਰਸ਼ਟਿਆ ਹੋਇਆ ਹੈ। ਗੁਰੂ ਮੰਤਰ ਤੋਂ ਹੀਣੇ ਦੇ ਜਨਮ ਨੂੰ ਧ੍ਰਿਗਾਰ ਹੈ। ਉਹ ਖਲ = ਮੂਰਖ ਨਿਗੁਰਾ ਪੁਰਸ਼ ਕੂਕਰਹ = ਕੁੱਤਾ, ਸੂਕਰਹ = ਸੂਰ, ਗਰਧਭਹ = ਗਧਾ, ਕਾਕਹ = ਕਾਂ, ਸਰਪਨਹ = ਸੱਪ, ਇਨ੍ਹਾਂ ਜੂਨੀਆਂ ਦੇ ਬਰਾਬਰ ਹੈ। ਪਰ ਅੰਤ ਸਮੇਂ ਖੋਤੀ ਅਤੇ ਕਾਂ ਨੂੰ ਸਾਧੂਆਂ ਦੇ ਦਰਸ਼ਨ ਹੋਏ ਅਤੇ ਸਾਧੂਆਂ ਦੇ ਇਸ਼ਨਾਨ ਕਰਨ ਵਾਲੇ ਪਵਿੱਤਰ ਸਰੋਵਰ ਵਿਚ ਮਰਨ ਕਰਕੇ ਮਨੁੱਖਾ ਦੇਹੀ ਮਿਲ ਗਈ ਅਤੇ ਉਚੀ ਵਿਦਿਆ ਪਾਕੇ ਨਾਮੁ ਜਪਿਆ ਸਾਧੂਆਂ ਦੀ ਸੇਵਾ ਕੀਤੀ, ਸਾਧੂਆਂ ਦਾ ਜੱਸ ਗਾਇਨ ਕੀਤਾ। ਇਸੇ ਕਰਕੇ ਸਤਿਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਅੰਦਰ ਸਾਧੂਆਂ ਦੀ ਸੇਵਾ ਸਾਧੂਆਂ ਦੇ ਦਰਸ਼ਨ ਦੀ ਬੇਅੰਤ ਮਹਿਮਾਂ ਲਿਖੀ ਹੈ।

ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸ਼ਨਾਨੁ॥

ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥ ਪੰਨਾ ੧੩੪

ਤਥਾ: ਚਰਨ ਸਾਧ ਕੇ ਧੋਇ ਧੋਇ ਪੀਉ॥

ਅਰਪਿ ਸਾਧ ਕਉ ਅਪਨਾ ਜੀਉ॥

ਸਾਧ ਕੀ ਧੂਰਿ ਕਰਹੁ ਇਸਨਾਨੁ॥ ਸਾਧ ਊਪਰਿ ਜਾਈਐ ਕੁਰਬਾਨੁ॥ ਪੰਨਾ ੨੮੩

ਯਥਾ: ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥

ਤਾਕੈ ਨਿਕਟਿ ਨ ਆਵੈ ਮਾਈ॥੧੮੨॥

ਗੁਰੂ ਰਾਮ ਦਾਸ ਜੀ ਪਾਸੋਂ ਇਹ ਸਾਖੀ ਸੁਣਕੇ ਜੀਵ ਦੇ ਇਕ ਇਕ ਕਰਮ ਕੀਤੇ 'ਤੇ ਵਿਚਾਰ ਹੁੰਦੀ ਹੈ ਚਿਤ੍ਰ ਗੁਪਤ ਲੇਖਾ ਲਿਖਦੇ ਹਨ। ਤੀਰਥਾ ਨਾਮੀਂ ਸਿੱਖ ਅਤੇ ਸੰਗਤ ਨੇ ਸ੍ਰੀ ਗੁਰੂ ਰਾਮ ਦਾਸ ਜੀ ਦੇ ਮਿਠੇ ਚਰਨਾ 'ਤੇ ਨਮਸ਼ਕਾਰ ਕੀਤੀ ਕੋਟਾਨ ਕੋਟਾਨ ਧੰਨਵਾਦ ਕੀਤਾ। ਸੱਚੇ ਪਾਤਿਸ਼ਾਹ ਆਪ ਤ੍ਰਿਲੋਕੀ ਦੇ ਮਾਲਕ ਹੋ, ਅਸੀਂ ਅਲਪਗ ਬੁੱਧੀ ਵਾਲੇ ਜੀਵ ਹਾਂ, ਆਪ ਜੀ ਦੀ ਗੱਤੀ ਨੂੰ ਨਹੀਂ ਜਾਣਦੇ ਅਤੇ ਇਸ ਤਰ੍ਹਾਂ ਜਸ ਗਾਇਨ ਕਰਦੇ ਹਨ।

ਸਵਈਏ ਮਹਲੇ ਚੌਥ ਕੇ

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥

ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ, ਜਮ ਤ੍ਰਾਸ ਮਿਟਾਈ॥

ਇਕ ਅਰਦਾਸਿ ਭਾਟ ਕੀਰਤਕੀ ਗੁਰ ਰਾਮਦਾਸ ਰਾਖਹੁ ਸਰਣਾਈ॥੪॥

(ਪੰਨਾ ੧੪੦੬)

ਇਨ੍ਹਾਂ ਸ਼ਬਦਾਂ ਦੁਆਰਾ ਹਰਿਮੰਦਰ ਸਾਹਿਬ ਅੰਦਰ ਜਿਸ ਵੇਲੇ ਦੁਨੀਆਂ ਦੇ ਮਾਲਕ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਮ੍ਰਿਤ ਵੇਲੇ ਅਕਾਲ ਤਖ਼ਤ ਸਾਹਿਬ ਤੋਂ ਸੁੰਦਰ ਪਾਲਕੀ ਵਿਚ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਆਉਂਦੇ ਹਨ, ਸੰਗਤਾਂ ਵੱਲੋਂ ਇਹ ਸ਼ਬਦ ਪੜ੍ਹੇ ਜਾਂਦੇ ਹਨ, ਦੋ ਜਾਂ ਤਿੰਨ ਭਾਈ ਭੱਟਾਂ ਦੇ ਰੂਪ ਵਿਚ ਇਨ੍ਹਾਂ ਸ਼ਬਦਾਂ ਨੂੰ ਪੜ੍ਹਕੇ ਆਉਂਦਿਆਂ ਨੂੰ ਨਮਸ਼ਕਾਰਾਂ ਕਰਦੇ ਹਨ।

ਗਉੜੀ ਮਹਲਾ ੧॥

ਕਿਸੇ ਵਿਦਵਾਨ ਪੰਡਿਤ ਨੂੰ ਗੁਰੂ ਸਾਹਿਬ ਗਿਆਨ ਕਰਾਉਂਦੇ ਹਨ ਜਿਸ ਵੇਲੇ ਇਸ ਸਰੀਰਕ ਦਾ ਮਰਣਾ ਹੁੰਦਾ ਹੈ ਢਹਿ ਢੇਰੀ ਹੁੰਦਾ ਹੈ।

ਪਉਣੈ ਪਾਣੀ ਅਗਨੀ ਕਾ ਮੇਲੁ॥ ਚੰਚਲ ਚਪਲ ਬੁਧਿ ਕਾ ਖੇਲੁ॥

ਨਉ ਦਰਵਾਜੇ ਦਸਵਾ ਦੁਆਰੁ॥ ਬੁਝੁਰੇ ਗਿਆਨੀ ਏਹੁ ਬੀਚਾਰੁ॥੧॥

ਅਰਥ: ਇਹ ਦੇਹੀ ਪੌਣ, ਪਾਣੀ, ਅਗਨੀ ਦੇਂ ਮਿਲਾਪ ਤੋਂ ਬਣੀ ਹੈ ਕਿਉਂਕਿ ਕਈ ਮਤਾਂ ਨੇ ਇਸ ਨੂੰ ਤਿੰਨ ਤੱਤਾਂ ਦੀ ਮੰਨਿਆ ਹੈ। ਜ਼ਿਆਦਾਤਰ ਪੰਜ ਤੱਤ ਮੰਨੇ ਜਾਂਦੇ ਹਨ, ਪਉਣ, ਪਾਣੀ, ਅਗਨੀ, ਮਿੱਟੀ, ਆਕਾਸ਼ ਇਹ ਪੰਜ ਤੱਤ ਹਨ, ਚੰਚਲ ਜੋ ਬੁਧੀ ਦਾ ਖੇਲ ਹੈ, ਅਰਥਾਤ ਮਿੱਟੀ ਦਾ ਰਚਿਆ ਹੋਇਆ ਹੈ। ਇਸ ਸਰੀਰ ਦੇ ਗੋਲਕਾਂ ਰੂਪੀ ਨੌਂ ਦਰਵਾਜੇ ਹਨ ਜੋ ਖੁਲ੍ਹੇ ਹਨ, ਦਸਵਾਂ ਦਰਵਾਜ਼ਾ ਗੁਪਤ ਬੰਦ ਰੱਖਿਆ ਹੈ, ਗਿਆਨੇ ਕਿਸੇ ਗਿਆਨੀ ਨਾਲ ਮਿਲ ਕੇ ਇਸ ਵੀਚਾਰ ਨੂੰ ਬੁਝਣਾ ਕਰ॥੧॥

ਕਥਤਾ ਬਕਤਾ ਸੁਨਤਾ ਸੋਈ॥ ਆਪੁ ਬੀਚਾਰੇ ਸੁ ਗਿਆਨੀ ਹੋਈ॥

ਦੇਹੀ ਮਾਟੀ ਬੋਲੈ ਪਉਣੁ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ॥

ਮੂਈ ਸੁਰਤਿ ਬਾਦੁ ਅਹੰਕਾਰੁ॥ ਓਹੁ ਨ ਮੂਆ ਜੋ ਦੇਖਣਹਾਰੁ॥

ਅਰਥ: ਹੇ ਪੰਡਿਤ ਜਾਂ ਗਿਆਨੀ। ਦੇਹ ਤਾਂ ਮਿੱਟੀ ਦੀ ਹੋਣ ਕਰਕੇ ਜੜ੍ਹ ਹੈ। ਇਸ ਵਿਚ ਪਉਣ ਰੂਪੀ ਜੀਵ ਬੋਲ ਰਿਹਾ ਹੈ ਤਾਂ ਗਿਆਨੀ ਨੇ ਕਿਹਾ ਮਿਹਰਬਾਨੀ ਕਰਕੇ ਦੱਸੋ ਮਰਿਆ ਕਉਣ ਹੈ।

ਗੁਰੂ ਜੀ: ਜਿਸੁ ਸੁਰਤ ਦੁਆਰਾ ਬਾਦ ਝਗੜੇ ਹੰਕਾਰ ਕਰਦੀ ਸੀ ਉਹ ਮਰ ਗਈ। ਜੋ ਚੇਤਨ ਦੇਖਣ ਵਾਲਾ ਹੈ, ਉਹ ਨਹੀਂ ਮਰਦਾ॥੨॥

ਅਰਥ: ਕਥਨ ਵਾਲਾ, ਬਕਣ ਵਾਲਾ ਅਤੇ ਸੁਣਨ ਵਾਲਾ ਸਰੋਤਾ ਉਹੀ ਠੀਕ ਜਾਂ ਅਸਲ ਗਿਆਨੀ ਹੈ, ਜੋ ਆਪਣੇ ਸਰੂਪ ਦੀ ਵੀਚਾਰ ਕਰਦਾ ਹੈ।

ਜੈ ਕਾਰਨਿ ਤਟਿ ਤੀਰਥ ਜਾਹੀ॥ ਰਤਨ ਪਦਾਰਥ ਘਟ ਹੀ ਮਾਹੀ॥

ਪੜਿ ਪੜਿ ਪੰਡਿਤੁ ਬਾਦੁ ਵਖਾਣੈ॥ ਭੀਤਰਿ ਹੋਦੀ ਵਸਤੁ ਨ ਜਾਣੈ॥੩॥

ਅਰਥ: ਜਿਹੜੇ ਅਕਾਲ ਪੁਰਖ ਦੀ ਢੂੰਡ ਵਿਚ, ਇਹ ਜੀਵ ਤੀਰਥ 'ਤੇ ਜਾ ਕੇ ਇਸਨਾਨ ਕਰਦਾ ਹੈ ਭਾਵ ਤੀਰਥਾਂ 'ਤੇ ਢੂੰਡਦਾ ਹੈ, ਉਹ ਰਤਨ ਪਦਾਰਥ ਵਾਹਿਗੁਰੂ ਤੇਰੇ ਘਟ ਸਰੀਰ ਘਰ ਵਿਚ ਹੈ। ਪੰਡਿਤ ਲੋਕ ਪੜ੍ਹ ਪੜ੍ਹ ਕੇ ਬਾਦੁ = ਝਗੜਿਆਂ ਵਿਚ ਪੈਂਦੇ ਹਨ। ਅੰਤਹਕਰਨ ਵਿਚ, ਜੋ ਆਤਮ ਵਸਤੂ ਹੈ, ਉਸਨੂੰ ਨਹੀਂ ਜਾਣਗੇ॥੩॥

ਫਿਰ ਪੰਡਿਤ ਨੇ ਕਿਹਾ ਆਪ ਜੀ ਭੀ ਤਾਂ ਮਿਰਤੂ ਹੋਵੋਗੇ, ਇਸ 'ਤੇ ਗੁਰੂ ਜੀ ਕਿਹਾ:

ਹਉਨ ਮੂਆ ਮੇਰੀ ਮੁਈ ਬਲਾਇ॥ ਓਹੁ ਨ ਮੂਆ ਜੋ ਰਹਿਆ ਸਮਾਇ॥

ਕਹੁ ਨਾਨਕ ਗੁਰ ਬ੍ਰਹਮੁ ਦਿਖਾਇਆ॥ ਮਰਤਾ ਜਾਤਾ ਨਦਰਿ ਨ ਆਇਆ॥੪॥

(ਪੰਨਾ ੧੫੨)

ਅਰਥ: ਗੁਰੂ ਜੀ ਕਥਨ ਕਰਦੇ ਹਨ, ਹਉ ਅਸਾਂ ਨਹੀਂ ਮਰਣਾ, ਕਿਉਂਕਿ ਮੇਰੀ ਅਵਿੱਦਆ ਰੂਪ ਜੋ ਬਲਾ ਹੈ ਉਹ ਮਰ ਗਈ ਹੈ, ਉਹ ਪਰਮਾਤਮਾ ਦੀ ਅੰਸ ਜੀਵ ਆਤਮਾ ਨਹੀਂ ਮਰਦੀ। ਧੰਨ ਗੁਰੂ ਜੀ ਹਨ, ਜਿਨ੍ਹਾਂ ਨੇ ਬ੍ਰਹਮ ਨੂੰ ਆਪਣਾ ਸਰੂਪ ਕਰਕੇ ਦਿਖਾਇਆ ਅਤੇ ਜਿਨ੍ਹਾਂ ਨੂੰ ਆਪਣਾ ਸਰੂਪ ਕਰਕੇ ਦਿਖਾਇਆ ਹੈ, ਉਨ੍ਹਾਂ ਨੂੰ ਮਰਤਾ ਜਾਤਾ ਕੁਛ ਨਿਗਾਹ ਨਹੀਂ ਆਇਆ॥੪॥੪੫॥

ਯਥਾ: ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤੁ ਆਪ ਹੀ ਕਰੈ॥ (ਪੰਨਾ ੨੮੧)

ਾਮ ਕਲੀ ਮਹਲਾ ੫॥

ਰਤਨ ਜਵੇਹਰ ਨਾਮ॥ ਸਤੁ ਸੰਤੋਖੁ ਗਿਆਨ॥

ਸੁਖ ਸਹਜ ਦਇਆ ਕਾ ਪੋਤਾ॥ ਹਰਿ ਭਗਤਾ ਹਵਾਲੈ ਹੋਤਾ॥੧॥

ਅਰਥ: ਰਤਨ = ਵੈਰਾਗ = ਗਿਆਨ, ਸਤ ਸੰਤੋਖ, ਧੀਰਜ, ਧਰਮ ਵਿਚਾਰ ਅਤੇ ਸ਼ਾਸਤ੍ਰ ਗਿਆਨ। ਸੁਖ ਸੁਰਜ = ਪੂਰਨ ਸੁਖ ਅਤੇ ਦਇਆ ਕਰਨੀ ਆਦਿਕ ਸਾਰਿਆਂ ਗੁਣਾਂ ਦਾ ਪੋਤਾ = ਖਜ਼ਾਨਾ ਹਰੀ ਨਾਮ ਹੈ। ਉਹ ਨਾਮੁ ਰੂਪ ਖਜ਼ਾਨਾ ਹਰੀ ਦੇ ਭਗਤਾਂ ਦੇ ਹਵਾਲੇ ਹੁੰਦਾ ਹੈ॥੧੫॥

ਮੇਰੇ ਰਾਮ ਕੋ ਭੰਡਾਰੁ॥ ਖਾਤ ਖਰਚਿ ਕਛੁ ਤੋਟਿ ਨ ਆਵੈ

ਅੰਤੁ ਨਹੀ ਹਰਿ ਪਾਰਾਵਾਰੁ॥੧॥ ਰਹਾਉ॥

ਅਰਥ: ਮੇਰੇ ਰਾਮ ਦਾ ਭੰਡਾਰਾ ਐਸਾ ਹੈ। ਖਾਣ ਅਤੇ ਖਰਚ ਕਰਨ ਨਾਲ ਕਦੇ ਤੋਟਿ = ਘਾਟਾ ਨਹੀਂ ਆਉਂਦਾ ਅਤੇ ਹਰੀ ਦਾ ਪਾਰਾਉਰਵਾਰੁ ਦਾ ਕੋਈ ਅੰਤ ਨਹੀਂ ਆਉਂਦਾ ਹੈ॥੧॥ ਰਹਾਉ॥

ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥

ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥੨॥

ਅਰਥ: ਪਰਮੇਸ਼ਰ ਦਾ ਕੀਰਤਨ ਕਰਨਾ, ਵਾ: ਜਸ ਕਰਨਾ ਹੀਰੇ ਵਾਂਗੂ ਨਿਰਮੋਲਕ ਹੈ ਅਤੇ ਹਰੀ ਦਾ ਜਸ ਆਨੰਦ ਦੇਣ ਵਾਲਾ ਅਤੇ ਸ਼ੁਭ ਗੁਣਾਂ ਦਾ ਖਜ਼ਾਨਾ ਗਹੀਰਾ = ਸਮੁੰਦਰ ਵੱਤ ਹੈ। ਅਨਹਦ = ਹਦ ਤੋਂ ਰਹਿਤ ਬਾਣੀ ਜਾਂ ਇਕ ਰਸ ਨਾਮੁ ਦਾ ਜਪਣਾ ਇਹ ਪੂੰਜੀ ਹੈ, ਉਸ ਦੀ ਪ੍ਰਾਪਤੀ ਲਈ ਕੁੰਜੀ ਆਪਣਿਆਂ ਪਿਆਰਿਆਂ ਸੰਤਾਂ ਦੇ ਹੱਥ ਰਖੀ ਹੈ।

ਸੁੰਨ ਸਮਾਧਿ ਗੁਫਾ ਤਹ ਆਸਨੁ॥ ਕੇਵਲ ਬ੍ਰਹਮ ਪੂਰਨ ਤਹ ਬਾਸਨੁ॥

ਭਗਤ ਸੰਗਿ ਪ੍ਰਭੁ ਗੋਸਟਿ ਕਰਤ॥ ਤਹ ਹਰਖ ਨ ਸੋਗ ਨ ਜਨਮ ਨ ਮਰਤ॥੩॥

(ਪੰਨਾ ੮੯੩)

ਅਰਥ: ਸੁੰਨ = ਅਫੁਰ ਸਮਾਧੀ ਰੂਪ ਜੋ ਗੁਫਾ ਹੈ ਉਸ ਵਿਚ ਸੰਤਾਂ ਦਾ ਆਸਣ ਹੈ।

ਕੇਵਲ = ਇਕ ਬ੍ਰਹਮ ਜੋ ਸਾਰੇ ਪਰੀਪੂਰਨ ਹੈ, ਉਸ ਵਿਚ ਉਹ ਸੰਤ ਬਾਸਨੁ = ਰਹਿੰਦੇ ਹਨ ਨਿਵਾਸ ਰਖਦੇ ਹਨ ਅਤੇ ਉਹ ਪਰਮਾਤਮਾ ਆਪਣੇ ਭਗਤਾਂ ਨਾਲ ਗੋਸਟ ਕਰਦਾ ਹੈ, ਵਿਚਾਰ ਵਟਾਂਦਰਾ ਗਿਆਨ ਚਰਚਾ ਕਰਦਾ ਹੈ। ਜਿਵੇਂ ਨਾਮਦੇਵ ਨੂੰ ਕਿਹਾ ਸੀ ਭਗਵਾਨ ਨੇ, ਨਾਮਦੇਵ ਤੂੰ ਮੈਨੂੰ ਅੱਗ ਵਿਚ ਵੀ ਦੇਖਦਾ ਹੈ ਤਾਂ ਭਗਤ ਜੀ ਨੇ ਬੇਨਤੀ ਕੀਤੀ ਭਗਵਾਨ ਅੱਗ ਤੁਹਾਡੇ ਕੋਲੋਂ ਭਿੰਨ ਨਹੀਂ ਹੈ।

ਤਥਾ: ਸੰਤਸਾਈਂ ਕੇ ਲਾਡਲੇ ਸੰਤ ਸਾਈਂ ਕੇ ਪੂਤ੍ਰ॥

ਸੰਤ ਨਾ ਹੋਤੇ ਜਗਤ ਮੇਂ ਤੋ ਸਾਈਂ ਵੀ ਜਾਂਦਾ ਉਤ੍ਰੁ॥

ਰਾਮਕਲੀ ਮਹਲਾ ੫॥ (ਪੰਨਾ ੮੯੪)

ਤਥਾ: ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥

ਨਹੀ ਲੇਪੁ ਤਿਸੁ ਪੁੰਨਿ ਨ ਪਾਪਿ॥ ਨਾਨਕ ਕਾ ਪ੍ਰਭੁ ਆਪੇ ਆਪਿ॥

ਅਰਥ: ਸੰਤਾਂ ਦੀ ਸੱਚੀ ਸਾਖੀ = ਸਿੱਖਿਆ ਸੁਣਨਾ ਕਰੋ। ਸੰਤ ਆਪਣੇ ਮੂੰਹੋਂ ਉਹੋ ਗੱਲ ਬੋਲਦੇ ਹਨ, ਜੋ ਆਖੀ = ਅੱਖਾਂ ਨਾਲ ਦੇਖਦੇ ਹਨ। ਜਿਸ ਤਰ੍ਹਾਂ ਸੰਤ ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਬਚਨ ਦਿੱਤਾ ਸੀ। ਕਿ ਤੇਰੀ ਕੁਖੋਂ ਉਹ ਪੁਤ੍ਰ ਜਨਮ ਲਵੇਗਾ ਜੋ ਮੁਗਲਾਂ ਦੇ ਸਿਰਿ ਇਸ ਤਰ੍ਹਾਂ ਭੰਨੇਗਾ ਜਿਸ ਤਰ੍ਹਾਂ ਅਸੀਂ ਗੰਢੇ ਨੂੰ ਮੁੱਕੀ ਮਾਰਕੇ ਭੰਨਦੇ ਹਾਂ। ਅਗੰਮ ਦੀ ਗੱਲ ਕਹੀ ਸੀ ਸੱਚ ਹੋ ਨਿਬੜੀ ਚਾਰ ਜੰਗਾਂ ਲੜੀਆਂ ਚਾਰੇ ਜਿਤੀਆਂ ਹਰਗੋਬਿੰਦ ਸਾਹਿਬ ਨੇ, ਪੈਂਦੇ ਖਾਨ ਵਰਗੇ ਭਲਵਾਨਾਂ ਹੰਕਾਰੀਆਂ ਨੂੰ ਮਾਰਿਆ, ਧੰਨ ਧੰਨ ਹਰਿਗੋਬਿੰਦ ਸਾਹਿਬ ਜੀ ਧੰਨ ਧੰਨ ਸੰਤ ਬਾਬਾ ਬੁੱਢਾ ਜੀ॥

ਅਰਥ: ਉਨ੍ਹਾਂ ਸੰਤਾਂ ਨੂੰ ਕੋਈ ਪਾਪ ਪੁੰਨ ਦੀ ਲੇਪ ਨਹੀਂ ਲਗਦੀ।

ਗੁਰੂ ਨਾਨਕ ਜੀ ਕਥਨ ਕਰਦੇ ਹਨ - ਕਿ ਮੇਰਾ ਰੱਖਕ ਪਰਮਾਤਮਾ ਆਪੇ ਆਪਤੋਂ ਹੀ ਪ੍ਰਗਟ ਹੋਇਆ ਹੈ, ਕਿਸੇ ਦੇ ਸਹਾਰੇ ਨਹੀਂ ਕਿਸੇ ਮਾਤਾ ਪਿਤਾ ਤੋਂ ਨਹੀਂ ਪ੍ਰਗਟ ਹੋਇਆ॥੪॥੨੫॥੩੯॥

ਰਾਮ ਕਲੀ ਮਹਲਾ ੫॥ ਪੰਨਾ ੮੮੫

ਉਸਾਨਕਾ: ਗੁਰੂ ਅਰਜਨ ਦੇਵ ਜੀ ਲਾਹੌਰ ਵਿਚ ਜਹਾਂਗੀਰ ਨੂੰ ਦੋਹਾਂ ਮਜ਼੍ਹਬਾਂ 'ਚੋਂ ਚੰਗਾ ਕੌਣ ਹੈ ਦੱਸਦੇ ਹਨ -

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥

ਕੋਈ ਸੇਵੈ ਗੁਸਈਆ ਕੋਈ ਅਲਾਹਿ॥

ਕਾਰਣ ਕਰਣ ਕਰੀਮ॥ ਕਿਰਪਾ ਧਾਰਿ ਰਹੀਮ॥ ਰਹਾਉ॥

ਕੋਈ ਨਾਵੈ ਤੀਰਥਿ ਕੋਈ ਹਜ ਜਾਇ॥

ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥੨॥

ਕੋਈ ਪੜੈ ਬੇਦ ਕੋਈ ਕਤੇਬ॥ ਕੋਈ ਓਢੈ ਨੀਲ ਕੋਈ ਸੁਪੇਦ॥੩॥

ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥੪॥

ਕਹੁ ਨਾਨਕ ਜਿਨਿ ਹੁਕਮੁ ਪਛਾਤਾ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥੫॥

੧. ਹਿੰਦੂ-ਰਾਮ ਰਾਮ ਬੋਲਦੇ ਹਨ, ਮੁਸਲਮਾਨ = ਖੁਦਾ ਖੁਦਾ ਬੋਲਦੇ ਹਨ। ਹਿੰਦੂ = ਗੁਸਾਈਆ = ਪਰਮਾਤਮਾ ਨੂੰ ਸੇਂਵਦੇ ਹਨ, ਮੁਸਲਮਾਨ = ਅੱਲਾ ਅੱਲਾ ਕਹਿੰਦੇ ਹਨ॥੧॥

੨. ਹਿੰਦੂ = ਕਰਨ ਕਾਰਨ ਕਹਿੰਦੇ ਹਨ ਮੁਸਮਲਾਨ = ਕਰੀਮ ਕਰੀਮ ਕਹਿੰਦੇ ਹਨ ਹਿੰਦੂ ਕਿਰਪਾ ਧਾਰ ਕਹਿੰਦੇ ਹਨ, ਮੁਸਲਮਾਨ = ਰਹੀਮ ਕਹਿੰਦੇ ਹਨ। ਹਿੰਦੂ ਤੀਰਥਾਂ ਪਰ ਇਸ਼ਨਾਨ ਕਰਦੇ ਹਨ, ਮੁਸਲਮਾਨ ਮੱਕੇ ਦੀ ਹਜ ਯਾਤਰਾ ਕਰਦੇ ਹਨ। ਹਿੰਦੂ ਠਾਕੁਰ ਪੂਜਾ ਕਰਦਾ ਹੈ, ਮੁਸਲਮਾਨ ਮਸੀਤ ਵਿਚ ਸਿਰ ਨਿਵਾਂਦਾ ਹੈ। ਭਾਵ ਨਵਾਜ਼ ਪੜ੍ਹਦਾ ਹੈ॥੨॥

੩. ਹਿੰਦੂ ਵੇਦਾਂ ਨੂੰ ਪੜ੍ਹਦਾ ਹੈ, ਮੁਸਲਮਾਨ = ਕਤੇਬਾਂ ਪੜ੍ਹਦਾ ਹੈ। ਮੁਸਲਮਾਨ ਨੀਲੇ ਰੰਗ ਦੇ ਵਸਤਰ ਓਢਦਾ ਹੈ ਪਾਂਦਾ ਹੈ, ਹਿੰਦੂ ਚਿੱਟੇ ਵਸਤਰ ਪਹਿਨਦਾ ਹੈ॥੩॥

੪. ਮੁਸਲਮਾਨ ਆਪ ਨੂੰ ਤੁਰਕ ਕਹਿੰਦਾ ਹੈ, ਕੋਈ ਕਹਿੰਦਾ ਮੈਂ ਹਿੰਦੂ ਹਾਂ ਮੁਸਲਮਾਨ ਬਹਿਸ਼ਤ ਚਾਹੁੰਦਾ ਹੈ, ਹਿੰਦੂ ਸੁਰਗਇੰਦੂ = ਸੁਰਗ ਚਾਹੁੰਦਾ ਹੈ।

ਇੰਦਰ ਰਾਜਾ ਦੇ ਸੁਰਗ ਨੂੰ ਸੁਰਗਿੰਦ ਕਹਿੰਦੇ ਹਨ। ਤਾਂ ਜਹਾਂਗੀਰ ਨੇ ਕਿਹਾ - ਮੈਂ ਪੁਛਿਆ ਸੀ ਤਰਦਾ ਕੌਣ ਹੈ।


ਗੁਰੂ ਜੀ - ਜਿਨ੍ਹਾਂ ਨੇ ਪ੍ਰਭੂ ਦਾ ਹੁਕਮ ਪਛਾਣਿਆ ਹੈ। ਉਨ੍ਹਾਂ ਨੇ ਪ੍ਰਭੂ ਤੇ ਸਾਹਿਬ ਦੇ ਭੇਦ ਨੂੰ ਜਾਣਿਆ ਹੈ, ਜਿਨ੍ਹਾਂ ਨੇ ਅਭੇਦ ਰੂਪ ਨਿਸ਼ਚੇ ਕੀਤਾ ਹੈ ਉਹੀ ਤਰਦਾ ਹੈ॥੫॥੯॥




AAHA FOODS
PASS PASS PULSE
PRAN JAAYE PAR PULSE NA JAAYE
India's No 1 Candy
with a tangy twisNow Available in 5 flavours all across #Canada
Guava,Kaccha Aam, Pineapple, Orange
AAHA FOODS
Wholesale Company of Ethnic Food Products
(A Division of SR India Marketing INC)
Unit No. 2, 1850 Ellesmere Road, Scarborough,
ON M1H 2V5 Canada
+1 416-925-6339, +1 416-666-8525
,+1 647-831-9149Fax: 647-351-7157
Email: siva@srimi.com , ram@srimi.com
aahafoodscanada | www.aahafoods.ca


CANADA PLANS TO WELCOME
1 MILLION IMMIGRANTS BY 2021
Follow a career that knows no borders.
SELIM KOYUNCU, RCIC
Immigration Consultant
Diploma Program, 2010
ICCRC ACCREDITED EDUCATIONAL PROGRAM
IMMIGRATION CONSULTANT DIPLOMA PROGRAM
Join one of the country's leading immigration practitioner programs and become a regulated Canadian immigration consultant.
FULL-TIME | PART-TIME | LIVE ONLINE
The IMCD program is eligible for Canada Student Loans.
Visit AshtonCollege.ca for more information.
HUMAN RESOURCES MANAGEMENT DIPLOMA | BOOKKEEPING CERTIFICATE
RED SEAL EXAM PREP COURSES
Ashton
Vancouver | Abbotsford | LIVE Online
ashtoncollege.ca


TICKETS 2 INDIA
(587) 419-0511
Flights from
Toronto (YYZ) - Delhi (DEL) - Toronto
CAD 1196
Return
Flights from
Vancouver (YVR) - Delhi (DEL) - Vancouver
CAD 1203
Return
Authorized agents for
AIR CANADA
Lufthansa
AIR CHINA
QATAR
Fly Emirates
AIR INDIA
UNITED AIRLINES
BRITISH AIRWAYS
ETIHAD AIRWAYS
....and more
Call us on the below mentioned contact number and get the Best Deal for yourself.
Book your seats today hurry up and ring us up.
*Offer valid till seats last*
Cruise sale from
$140 per day only
Are you looking for cost-effective and commercial air travel deals?
(587) 419-0511
Find a lower price, we'll refund you 200% of the difference.
www.ticket2-india.com
tickets2indiaca@gmail.com
10050 - 112th Street Suites 904 & 1001, Edmonton, AB T5K 2J1, Canada
ਕਿਰਪਾ ਕਰਕੇ ਹਰ ਕੋਈ ਆਪਣੀ ਜਿਮੇਵਾਰੀ ਤੇ ਟਿਕਟਾਂ ਖਰੀਦਣ। ਇਸ ਵਿੱਚ ਪੰਜਾਬੀ ਪੋਸਟ ਅਖਬਾਰ ਦੀ ਕੋਈ ਜਿਮੇਵਾਰੀ ਨਹੀਂ ਹੋਵੇਗੀ। ਧੰਨਵਾਦ ਸਹਿਤ।


Dr. Randhawa Dentistry
Your own dentist who really cares for you
We Provide the following Services:
• Dental Crowns, Veneers & Bridges
• Dental Fillings & Gum Treatment
• Root Canal (RCT), Dentures, Extraction
• Kids Dentistry
• Wisdom Tooth Surgery
• Invisalign (Invisible Braces)
• Digital X-Rays System
• Teeth Cleaning & Whitening
• Cosmetic Dental Treatment
Dr. Samreet Kaur Randhawa
General Family Dentist
New Patients welcome
Deal Directly with all Insurance Companies
• ਸੀਨੀਅਰ ਡਿਸਕਾਊਂਟ
• ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
• ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL,
JAMES POTTER / BONNIE BRAES INTERSECTION)
Tel : 905-230-9044
Mayfield Rd
Mcvean Dr
DENTISTRY
Squire Ellis Dr
Gore Rd
Countryside Dr


ਪ੍ਰਾਪਰਟੀ ਖਰੀਦਣ ਜਾਂ ਵੇਚਣ
ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਨਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।
FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।
SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

